ਸਰਪ੍ਰਸਤ ਗੁਰਗੱਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਅਜੂਨੀ

ਜੂਨ-ਅਗਸਤ 1976

ਸਿਖ ਰਾਜ ਦੇ ਸਮਰੱਥਕ ਤੇ ਅੰਗਰੇਜ਼ ਨਾਲ ਲੋਹਾ ਲੈਣ ਵਾਲੇ ਸੂਰਬੀਰ

## ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ ਊਨਾ ਸਾਹਿਬ



ਆਪ ਦੇ ਸਾਲਾਨਾ ਜੋਤੀ ਜੋਤਿ ਸਮਾਗਮ (ਜਿਥੇ ਆਪ ਨੂੰ ਅੰਗਰੇਜ਼ ਨੇ 14 ਸਾਲ ਨਜ਼ਰਬੰਦ ਰਖਿਆ) ਸ੍ਰੀ ਅੰਮ੍ਰਿਤਸਰ ਆਪ ਦੇ ਅਸਥਾਨ ਢਾਬ ਵਸਤੀ ਰਾਮ ਵਿਚ 15 ਤੋਂ 22 ਅਗਸਤ ਬੜੇ ਪ੍ਰੇਮ ਤੇ ਸਰਧਾ ਨਾਲ ਕੀਤੇ ਗਏ।

## ਲੇਖ ਸੂਚੀ


| | | | |
|---|---|---|---|
| 1. | ਗੁਰਵਾਕ | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ | 5 |
| 2. | ਗੁਰ ਦੀਖਿਆ | (ਮੁਖ ਲੇਖ) | 6 |
| 3. | ਧਰਮ ਪ੍ਰਚਾਰ ਸਮਾਚਾਰ | | 13 |
| 4. | ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ | (ਪੁਰਾਤਨ ਵਿਰਸਾ) | 14 |
| 5. | ਪੁਰਾਤਨ ਜਨਮ ਸਾਖੀ | ਬਾਬਾ ਮੇਹਰਬਾਨ ਜੀ ਸੋਢੀ | 17 |
| 6. | ਰਾਜਾ ਜੋਗੀ | ਗਿ: ਈਸ਼ਰ ਸਿੰਘ ਜੀ ਨਾਰਾਂ | 24 |
| 7. | ਬਾਬਾ ਸ੍ਰੀ ਚੰਦ ਜੀ ਉਦਾਸੀ | ,, ,, | 32 |


## ਬਾਬਾ ਸਾਹਿਬ ਸਿੰਘ ਜੀ ਬੇਦੀ, ਫਰੀ ਮੈਟਰਨਿਟੀ ਹਸਪਤਾਲ

ਬਰਾਊਨ ਹਸਪਤਾਲ ਲੁਧਿਆਣਾ ਦੇ ਪ੍ਰਬੰਧ ਹੇਠ ਦਮਦਮਾ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਨਸੂਰਾਂ ਵਿਚ ਫ਼ਰੀ ਹਸਪਤਾਲ ਖੁਲ੍ਹ ਗਿਆ ਹੈ।

ਦਮਦਮਾ ਅਸਥਾਨ ਵਲੋਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ 5 ਕਮਰੇ, ਦਵਾਈਆਂ ਲਈ 500 ਰੁਪਏ ਮਹੀਨਾ ਤੇ ਹੋਰ ਲੋੜੀਂਦਾ ਖਰਚ ਅਤੇ ਸਾਮਾਨ ਦਿਤਾ ਜਾ ਰਿਹਾ ਹੈ। ਇਲਾਕਾ ਨਿਵਾਸੀਆਂ ਦੇ ਲਾਭ ਲਈ ਦਮਦਮਾ ਅਸਥਾਨ ਵਲੋਂ ਇਹ ਉੱਦਮ ਕੀਤਾ ਗਿਆ ਹੈ। ਇਲਾਕਾ ਨਿਵਾਸੀ ਇਸ ਸ਼ੁਭ ਕਾਰਜ ਤੋਂ ਲਾਭ ਉਠਾਉਣ।

(ਸੇਵਾਦਾਰ ਦਮਦਮਾ ਅਸਥਾਨ)

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਮਨਸੂਰਾਂ (ਲੁਧਿਆਣਾ) ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ ਤੋਂ ਛਪਵਾ ਕੇ ਦਫ਼ਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ।

੧ ਓ


ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ-ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ

ਸਰ-ਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ

# ਅਜੂਨੀ

ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 7] ਜੂਨ–ਜੁਲਾਈ–ਅਗਸਤ 1976 [ਅੰਕ 6,7,8


## ਗਉੜੀ ਵਾਰ ਮਹਲਾ ੪

ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।
ਉਦਮੁ ਕਰੇ ਭਲਕੇ ਪਰਭਾਤੀ ਇਸ਼ਨਾਨ ਕਰੇ ਅੰਮ੍ਰਿਤ ਸਰ ਨ੍ਹਾਵੈ ।
ਉਪਦੇਸ ਗੁਰੂ ਹਰਿ ਹਰਿ ਜਪ ਜਾਪੈ ਸਭਿ ਕਿਲ ਬਿਖ ਤਾਪ ਦੋਖ ਲਹਿ ਜਾਵੈ ।
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨਿ ਭਾਵੈ ।
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ।
ਜਨੁ ਨਾਨਕ ਧੂੜ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ।

# ਗੁਰ-ਦੀਖਿਆ

(ਬਾਬਾ ਜੀ ਦੀ ਹਜ਼ੂਰੀ ਵਿਚ ਸੰਸੇ ਨਵਿਰਤੀ)

ਪ੍ਰਸ਼ਨ:—ਅਜ ਕਲ ਕਈ ਏਹ ਕਹਿੰਦੇ ਹੈਨ ਕਿ ਜਦ ਅੰਮ੍ਰਿਤ ਛਕ ਲਿਆ ਤਾਂ ਹੋਰ ਗੁਰ ਦੀਖਿਆ ਦੀ ਕੀ ਲੋੜ ਹੈ ?

ਉਤਰ:—ਹਾਂ ਇਸ ਗੱਲ ਦਾ ਭੀ ਨਿਰਨਾ ਸੁਣ ਲੈ। ਅੰਮ੍ਰਿਤ ਦਾ ਦੂਜਾ ਨਾਉਂ ਪਾਹੁਲ ਹੈ। ਕੋਈ ਅੰਮ੍ਰਿਤ ਛਕਣਾ ਕਹਿੰਦਾ ਹੈ ਤੇ ਕੋਈ ਪਾਹੁਲ ਲੈਣੀ ਕਹਿੰਦਾ ਹੈ। ਸੋ ਪਾਹੁਲ ਦਾ ਅਰਥ ਹੈ ਪਾਹੁ ਲਾਉਣੀ। ਜੀਕੁਰ ਕਪੜੇ ਨੂੰ ਪੱਕਾ ਮਜੀਠੀ ਰੰਗ ਚੜ੍ਹਾਉਣਾ ਹੋਵੇ ਤਾਂ ਪਹਿਲੋਂ ਪਾਹੁ ਲਗਾਉਣੀ ਹੋਂਦੀ ਹੈ। ਪਾਹੁ ਲਾਏ ਬਿਨਾ ਕੋਰੇ ਕਪੜੇ ਨੂੰ ਰੰਗ ਨਹੀਂ ਚੜ੍ਹਦਾ।

ਯਥਾ ਗੁਰੂ ਬਚਨ : "ਨਾਨਕ ਪਾਹੇ ਬਾਹਿਰਾ ਕੋਰੈ ਰੰਗੁ ਨ ਸੋਇ ॥"

ਸੋ ਸੰਸਾਰੀ ਲੋਕਾਂ ਨੂੰ ਤਾਂ ਮਾਇਆ ਵੀ ਪਾਹੁ ਲਗ ਕੇ ਲੋਭ ਦਾ ਰੰਗ ਚੜ੍ਹਦਾ ਹੈ।

ਯਥਾ ਗੁਰੂ ਗ੍ਰੰਥ ਜੀ ਵਾਚ : "ਏਹ ਤਨ ਮਾਇਆ ਪਾਹਿਆ ਪਿਆਰੇ ਲੀਤੜਾ ਲਬੁ ਰੰਗਾਏ।"

ਪਰ ਗੁਰੂ ਕੇ ਸਿਖਾਂ ਗੁਰਮੁਖਾਂ ਨੂੰ ਵਿਰੁਧ ਇਸਦੇ ਅੰਮ੍ਰਿਤ ਦੀ ਪਾਹੁ ਲਗ ਕੇ ਨਾਮ ਰੂਪੀ ਮਜੀਠ ਦਾ ਰੰਗ ਚੜ੍ਹਦਾ ਹੈ।

ਯਥਾ ਗੁਰੂ ਗ੍ਰੰਥ ਜੀ ਵਾਚ

"ਕਾਇਆਂ ਰੰਙਣ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥
ਰੰਙਣ ਵਾਲਾ ਜੇ ਰੰਗੈ ਸਾਹਿਬ ਐਸਾ ਰੰਗ ਨ ਡੀਠ ॥
ਜਿਨ ਕੇ ਚੋਲੇ ਰਤੜੇ ਪਿਆਰੇ ਕੰਤ ਤਿਨਾ ਕੇ ਪਾਸ ॥"

ਪ੍ਰਸ਼ਨ :— ਸੋ ਉਹ ਮਜੀਠ ਰੂਪੀ ਨਾਉਂ ਵਾਹਗੁਰੂ ਅਕਾਲ ਪੁਰਖ ਜੀ ਦਾ ਕੇਹੜਾ ਹੈ ?

ਉਤਰ:—ਪੂਰਾ ਪੂਰਬਲਾ ਨਾਮ ਜੋ ਗੁਰ ਦੀਖਿਆ ਦੁਆਰਾ ਸ਼ਬਦ ਗੁਰਮੰਤ੍ਰ ਪ੍ਰਾਪਤਿ ਹੋਂਦਾ ਹੈ, ਤੇ ਏਹ ਅੰਮ੍ਰਿਤ ਰੂਪੀ ਪਾਹੁ ਦੋ ਪ੍ਰਕਾਰ ਦੀ ਹੈ, ਇਕ ਚਰਨਾਂ ਦੀ ਅਤੇ ਦੂਜੀ ਖੰਡੇ ਦੀ। ਖ਼ਾਲਸਾ ਪੰਥ ਪ੍ਰਗਟ ਹੋਨ ਥੋਂ ਪਹਿਲਾਂ ਕੇਵਲ ਚਰਨ ਪਾਹੁਲ ਦਿੱਤੀ ਜਾਂਦੀ ਸੀ। ਜਦ ਕੋਈ ਸਿੱਖ ਗੁਰ ਦੀਖਿਆ ਲੈਣ ਲਈ ਸਤਿਗੁਰਾਂ ਦੀ ਸ਼ਰਨੀ ਆਉਂਦਾ ਤਾਂ ਉਸਨੂੰ ਪ੍ਰਿਥਮੇ ਚਰਨਾਂ ਦਾ ਅੰਮ੍ਰਿਤ ਛਕਾਇ ਕੇ ਪਾਹੁ ਲਗਾਈ ਜਾਂਦੀ ਸੀ ਅਤੇ ਮਗਰੋਂ ਨਾਮ ਦੀ ਦੀਖਿਆ ਦੇ ਕੇ ਰੰਗ ਚੜ੍ਹਾਇਆ ਜਾਂਦਾ ਰਹਿਆ।

ਅਤੇ ਜਦ ਖੰਡੇ ਦੇ ਅੰਮ੍ਰਿਤ ਦਾ ਪ੍ਰਚਾਰ ਹੋ ਕਰ ਖ਼ਾਲਸਾ ਪੰਥ ਪ੍ਰਗਟ ਹੋਇਆ ਤਾਂ ਦੋ ਪ੍ਰਕਾਰ ਦੀ ਪਾਹੁਲ ਦੀ ਅਰਥਾਤ ਪਾਹੁ ਲਗਾਉਣ ਦੀ ਰੀਤੀ ਮਹਾਰਾਜ ਜੀ ਨੇ ਕਾਇਮ ਕੀਤੀ। ਇਕ ਚਰਨਾਂ ਦੇ ਅੰਮ੍ਰਿਤ ਦੀ ਪਾਹੁਲ ਅਤੇ ਦੂਜੀ ਖੰਡੇ ਦੇ ਅੰਮ੍ਰਿਤ ਦੀ ਪਾਹੁਲ। ਇਸ ਵੇਲੇ ਗੁਰੂ ਘਰ ਦੇ ਸਿਖ ਭੀ ਦੋਇ ਪ੍ਰਕਾਰ ਦੇ ਹੋ ਗਏ, ਇਕ ਸਹਿਜਧਾਰੀ ਅਤੇ ਦੂਜੇ ਕੇਸਾ ਧਾਰੀ। ਜੋ ਸਿੱਖ ਸਹਿਜਧਾਰੀ ਸਰੂਪ ਵਿਚ ਰਹਿਣਾ ਚਾਹੁੰਦੇ ਉਨ੍ਹਾਂ ਨੂੰ ਚਰਣਾਂ ਦੇ ਅੰਮ੍ਰਿਤ ਦੀ ਪ ਹੁਲ ਦੇ ਕਰ ਅਰਥਾਤ ਪਾਹੁ ਲਗਾ ਕਰ ਨਾਮ ਰੂਪੀ ਗੁਰਮੰਤ੍ਰ ਦੀ ਦੀਖਿਆ ਦੇ ਰੰਗ ਚੜ੍ਹਾਇਆ ਜਾਂਦਾ ਸੀ ਅਤੇ ਜੋ

ਵਡਭਾਗੀ ਵਾਹਗੁਰੂ ਜੀ ਦੀ ਕ੍ਰਿਪਾ ਦੇ ਪੂਰੇ ਹੋਏ ਸਿੱਖ ਸਿੰਘ ਸੱਜ ਕੇ ਖ਼ਾਲਸਾ ਸਰੂਪ ਵਿਚ ਹੋਣਾ ਚਾਹੁੰਦਾ ਸੀ ਉਸ ਨੂੰ ਖੰਡੇ ਦੇ ਅੰਮ੍ਰਿਤ ਦੀ ਪਾਹੁਲ ਦੇ ਕੇ ਗੁਰ ਦੀਖਿਆ ਦਿਤੀ ਜਾਂਦੀ ਸੀ। ਏਹੁ ਮ੍ਰਜਾਦਾ ਹੁਣ ਤਕ ਭੀ ਚਲੀ ਆਉਂਦੀ ਹੈ। ਜੀਕੁਰ ਪਾਹੁ ਦੇ ਬਿਨਾਂ ਰੰਗ ਦੀ ਆਸ਼ਾ ਨਹੀਂ ਤੇ ਰੰਗ ਦੇ ਬਿਨਾਂ ਪਾਹੁ ਦੇਣੀ ਐਵੇਂ ਹੀ ਹੈ, ਏਸੇ ਪ੍ਰਕਾਰ ਅੰਮ੍ਰਿਤ ਅਤੇ ਗੁਰ ਦੀਖਿਆ ਦਾ ਹੈ। ਹਾਂ ਇਤਨਾ ਭੇਦ ਹੈ ਕਿ ਜੋ ਚਰਨਾਂ ਦਾ ਅੰਮ੍ਰਿਤ ਹੈ ਉਸ ਵਿਚ ਇਕੋ ਪਾਹੁ ਲਗਾਉਣ ਵਾਲਾ ਹੀ ਗੁਣ ਹੈ ਅਤੇ ਖੰਡੇ ਦੇ ਅੰਮ੍ਰਿਤ ਵਿਚ ਤਿੰਨ ਪ੍ਰਕਾਰ ਦੇ ਗੁਣ ਹੈਨ। ਪ੍ਰਿਥਮੇ ਗੁਰ ਦੀਖਿਆ ਦੇ ਰੰਗ ਥੋਂ ਪਹਿਲਾਂ ਪਾਹੁ ਲਗਾਉਣ ਦਾ, ਦੂਜਾ ਖ਼ਾਲਸਾ ਪੰਥ ਵਿਚ ਪ੍ਰਵੇਸ਼ ਕਰਾਉਣ ਦਾ, ਜੋ ਕੋਈ ਖੰਡੇ ਦਾ ਅੰਮ੍ਰਿਤ ਛਕ ਲਏ ਉਹ ਖ਼ਾਲਸਾ ਪੰਥ ਵਿਚ ਦਾਖਲ ਹੋ ਜਾਂਦਾ ਹੈ। ਤੀਜੇ ਸੂਰਬੀਰਤਾ ਆਦਿਕ ਪ੍ਰਾਪਤਿ ਹੋਣ ਦਾ। ਜੋ ਕੋਈ ਖੰਡੇ ਦਾ ਅੰਮ੍ਰਿਤ ਛਕ ਲਏ ਉਹ ਸੂਰਬੀਰ ਜੋਧਾ ਹੋ ਜਾਂਦਾ ਹੈ। ਇਸੀ ਕਰਕੇ ਸ੍ਰਕਾਰ ਅੰਗ੍ਰੇਜ਼ੀ ਜਦ ਫ਼ੌਜ ਵਿਚ ਸਿੰਘਾਂ ਨੂੰ ਭਰਤੀ ਕਰਦੀ ਸੀ ਤਾਂ ਪਹਿਲੋਂ ਖੰਡੇ ਦਾ ਅੰਮ੍ਰਿਤ ਸ੍ਰਕਾਰੀ ਹੁਕਮ ਨਾਲ ਛਕਾਇਆ ਜਾਂਦਾ ਸੀ ਅਤੇ ਜੋ ਅੰਮ੍ਰਿਤ ਛਕਣੋਂ ਇਨਕਾਰ ਕਰੇ ਉਸਨੂੰ ਫ਼ੌਜ ਵਿਚ ਭਰਤੀ ਕਰਨ ਦਾ ਹੁਕਮ ਨਹੀਂ ਸੀ। ਸੋ ਤਾਤਪ੍ਰਜ ਏਹ ਕਿ ਜੀਕੁਰ ਕਪੜੇ ਨੂੰ ਪਾਹੁ ਦੇਣੀ ਭੀ ਜ਼ਰੂਰੀ ਹੈ ਤੇ ਰੰਗ ਦੇਣਾ ਭੀ ਜ਼ਰੂਰੀ ਹੈ, ਈਕੁਰ ਹੀ ਅੰਮ੍ਰਿਤ ਦਾ ਛਕਣਾ ਭੀ ਜ਼ਰੂਰੀ ਹੈ ਅਤੇ ਗੁਰ ਦੀਖਿਆ ਦਾ ਲੈਣਾ ਭੀ ਜ਼ਰੂਰੀ ਹੈ। ਆਪੋ ਆਪਣੀ ਥਾਂ ਦੋਵੇਂ ਜ਼ਰੂਰੀ ਹੈਨ। ਕੇਵਲ ਇਤਨਾ ਭੇਦ ਹੈ ਕਿ ਸਹਿਜਧਾਰੀ ਨੂੰ ਹਰ ਹਾਲਤ ਵਿਚ ਦੀਖਿਆ ਦੇਨ ਵੇਲੇ ਪਹਿਲੋਂ ਚਰਨ ਪਾਹੁਲ ਦੇ ਕੇ ਦੀਖਿਤ ਕਰਨਾ ਚਾਹੀਏ ਅਤੇ ਕੇਸਾ ਧਾਰੀ ਪਾਸੋਂ ਪੁਛ ਲੈਣਾ ਕਿ ਉਸ ਨੇ ਅੱਗੇ ਖੰਡੇ ਦਾ ਅੰਮ੍ਰਿਤ ਛਕਿਆ ਹੈ ਅਥਵਾ ਨਹੀਂ। ਜੇ ਨਹੀਂ ਛਕਿਆ ਤਾਂ ਪ੍ਰਿਥਮੇ ਖੰਡੇ ਦੀ ਪਾਹੁਲ ਦੇ ਲੈਣੀ ਅਤੇ ਮਗਰੋਂ ਦੀਖਿਤ ਕਰਨ ਦੀ ਮ੍ਰਿਜਾਦਾ ਹੈ। ਚਰਨਾਂ ਦਾ ਅੰਮ੍ਰਿਤ ਅਰਥਾਤ ਚਰਨ ਪਾਹੁਲ ਦੇਣੀ ਉਸੀ ਦਾ ਅਧਿਕਾਰ ਹੈ ਜੋ ਦੀਖਿਤ ਕਰੇ। ਅਤੇ ਖੰਡੇ ਦੀ ਪਾਹੁਲ ਦੇਣ ਦਾ ਅਧਿਕਾਰੀ ਸਭ ਕੋਈ ਹੋ ਸਕਦਾ ਹੈ ਪਰ ਸ਼ਰਤ ਏਹ ਹੈ ਕਿ ਉਸਨੇ ਆਪ ਖੰਡੇ ਦਾ ਅੰਮ੍ਰਿਤ ਛਕਿਆ ਹੋਵੇ ਅਤੇ ਰਹਿਤ ਵਿਚ ਭੀ ਪੱਕਾ ਹੋਵ।

ਉਸਦੀ ਪਾਹੁਲ ਦਿਤੀ ਹੋਈ ਗੁਰ ਦੀਖਿਆ ਦੇ ਰੰਗ ਲਈ ਪ੍ਰਮਾਣ ਹੈ। ਚਾਹੇ ਕਦੇ ਦੀ ਪਾਹੁਲ ਸਿੰਘ ਨੇ ਲਈ ਹੋਵੇ। ਪਰ ਏਹ ਸ਼ਰਤ ਹੈ ਕਿ ਜੇਕਰ ਪਿਛਲੀ ਖੰਡੇ ਦੀ ਪਾਹੁਲ ਬਿਗੜ ਨਾ ਗਈ ਹੋਵੇ। ਜੋ ਇਨਾਂ ਚਹੁੰਆਂ ਕੁਰਹਿਤਾਂ ਕਰਨੇ ਕਰਕੇ ਖੰਡੇ ਦੀ ਪਾਹੁਲ ਬਿਗੜ ਜਾਂਦੀ ਹੈ। ਅਰਥਾਤ ਇਨ੍ਹਾਂ ਕੁਰਹਿਤਾਂ ਵਿਚੋਂ ਕੋਈ ਇਕ ਕੁਰਹਿਤ ਭੀ ਕਰਨ ਵਾਲਾ ਅਪਣੇ ਖ਼ਾਲਸਾ ਧਰਮ ਥੋਂ ਪਤਿਤ ਹੋ ਜਾਂਦਾ ਹੈ ਅਤੇ ਪੰਥ ਵਿਚੋਂ ਭੀ ਨਿਕਾਲ ਦੇਣ ਯੋਗ ਹੈ। ਸੋ ਉਹ ਚਾਰ ਕੁਰਹਿਤਾਂ ਏਹ ਹੈਨ :—

1. ਕੇਸਾਂ ਦੀ ਬੇਅਦਬੀ 2. ਕੁਠਿਆ ਮਾਸ ਵਰਤਣਾ 3. ਬਿਖਿਆ ਅਰਥਾਤ ਤਮਾਕੂ ਵਰਤਣਾ 4. ਮੁਸਲੀ (ਪਰਾਈ ਇਸਤ੍ਰੀ) ਆਦਿਕਾਂ ਦਾ ਸੰਗ ਕਰਨਾ। ਜੇਕਰ ਇਨ੍ਹਾਂ ਵਿਚੋਂ ਕੋਈ ਇਕ ਕੁਰਹਿਤ ਭੀ ਸਿੰਘ ਨੇ ਕੀਤੀ ਹੋਇ ਤਾਂ ਫਿਰ ਖੰਡੇ ਦੀ ਪਾਹੁਲ ਦੇ ਕੇ ਦੀਖਿਤ ਕਰਨ ਦੀ ਅਥਵਾ ਪੰਥ ਵਿਚ ਮਿਲਾਉਣ ਦੀ ਮ੍ਰਜਾਦਾ ਹੈ।

ਇਸ ਪਰ ਇਕ ਹੋਰ ਪ੍ਰਮਾਣ ਭੀ ਸਮਝ ਲੈਣਾ ਚਾਹੀਏ। ਚਰਨਾਂ ਅਥਵਾ ਖੰਡੇ ਦਾ ਅੰਮ੍ਰਿਤ ਛਕਣਾ ਮਾਨੋ ਮੰਗਣੀ ਦਾ ਹੋਣਾ ਹੈ। ਜੀਕੁਰ ਵਿਆਹ ਦੇ ਪਹਿਲਾਂ ਕਨਿਆਂ ਦੀ ਮੰਗਣੀ ਹੋ ਜਾਂਦੀ ਹੈ। ਜਿਸ ਦਾ ਨਾਉਂ ਕੁੜਮਾਈ ਅਥਵਾ ਸਗਾਈ ਭੀ ਹੈ ਅਤੇ ਗੁਰ ਦੀਖਿਆ ਦਾ ਪ੍ਰਾਪਤਿ ਹੋਣਾ

ਵਿਲਾਹ ਸਮਝੇ। ਸੋ ਜਿਸਨੇ ਦੋ ਪ੍ਰਕਾਰ ਵਿਚੋਂ ਕਿਸੀ ਪ੍ਰਕਾਰ ਦਾ ਅੰਮ੍ਰਿਤ ਛਕ ਲਇਆ ਹੋਵੇ ਉਸਦੀ ਮੰਗਣੀ ਤਾਂ ਗੁਰੂ ਘਰ ਵਿਚ ਹੋ ਗਈ, ਪਰ ਕੇਵਲ ਮੰਗਣੀ ਦੇ ਹੋਣੇ ਕਰਕੇ ਹੀ ਕੰਨਿਆਂ ਦਾ ਕਾਰਜ ਰਾਸ ਨਹੀਂ ਆਉਂਦਾ। ਕਿਉਂ ਜਿ ਭਾਵੇਂ ਸਾਰੀ ਉਮਰ ਭਰ ਬੈਠੀ ਰਹੇ ਤਾਂ ਭੀ ਨਾ ਓਹ ਪਤੀ ਨੂੰ ਦੇਖੇਗੀ ਤੇ ਨਾ ਹੀਂ ਪਤੀ ਦੇ ਮਿਲਾਪ ਦਾ ਆਨੰਦ ਪਾ ਸਕੇਗੀ ਤੇ ਨਾ ਪੁੱਤ੍ਰ ਉਤਪੰਨ ਹੋਵੇਗਾ। ਸੋ ਇਥੇ ਪਤੀ ਪ੍ਰਮੇਸ਼ਰ ਹੈ ਅਤੇ ਪੁੱਤ੍ਰ ਗਿਆਨ। ਜੋ ਗੁਰ ਦੀਖਿਆ ਰੂਪੀ ਵਿਵਾਹ ਦੇ ਹੋਣੇ ਕਰਕੇ ਪ੍ਰਾਪਤਿ ਹੋਂਦਾ ਹੈ।

ਸੋ ਤਾਤਪ੍ਰਜ ਏਹ ਕਿ ਜੀਕੁਰ ਪਾਹੁ ਲਗਾਉਣ ਨਾਲ ਰੰਗ ਦੀ ਲੋੜ ਨਹੀਂ ਪੂਰੀ ਹੋ ਜਾਂਦੀ ਅਤੇ ਕੁੜਮਾਈ ਹੋ ਜਾਣ ਨਾਲ ਵਿਵਾਹ ਦੀ ਲੋੜ ਨਹੀਂ ਪੂਰੀ ਹੋਂਦੀ, ਈਕੁਰ ਹੀ ਅੰਮ੍ਰਿਤ ਸੰਸਕਾਰ ਹੋਣ ਨਾਲ ਦੀਖਿਤ ਸੰਸਕਾਰ ਦੀ ਲੋੜ ਨਹੀਂ ਪੂਰੀ ਹੋਂਦੀ। ਸੋ ਇਸ ਲਈ ਜੀਕੁਰ ਪਾਹੁ ਲਾਉਣ ਦੇ ਮਗਰੋਂ ਰੰਗ ਦੀ ਅਤੇ ਮੰਗਣੀ (ਕੁੜਮਾਈ) ਦੇ ਮਗਰੋਂ ਵਿਵਾਹ ਦੀ ਅਵੱਸ਼ ਲੋੜ ਹੈ, ਜਿਸ ਕਰਕੇ ਪਾਹੁ ਅਤੇ ਕੁੜਮਾਈ ਸੁਫਲ ਹੋਂਦੀ ਹੈ। ਈਕੁਰ ਹੀ ਅੰਮ੍ਰਿਤ ਛਕਣ ਦੇ ਮਗਰੋਂ ਦੀਖਿਤ ਹੋਣ ਦੀ ਭੀ ਅਵੱਸ਼ ਲੋੜ ਹੈ।

ਖੰਡੇ ਦੇ ਅੰਮ੍ਰਿਤ ਛਕਾਉਣ ਵਾਲਾ ਜੋ ਗੁਰੂ ਹੈ ਓਹ ਅੰਮ੍ਰਿਤ ਦਾਤਾ ਗੁਰੂ ਹੈ। ਅਤੇ ਓਹ ਆਪ ਖੰਡੇ ਦਾ ਅੰਮ੍ਰਿਤੀਆ ਅਤੇ ਰਹਿਤਵਾਨ ਹੋਂਦਾ ਹੈ। ਚਹੁੰਆਂ ਹੋਰਨਾਂ ਆਪਣੇ ਜਹਿਆਂ ਰਹਿਤਵਾਨਾਂ ਖੰਡੇ ਦੇ ਅੰਮ੍ਰਿਤੀਆਂ ਨੂੰ ਅਪਣਾ ਸਹਾਇਕ ਬਣਾ ਕੇ ਅੰਮ੍ਰਿਤ ਛਕਾਉਂਦਾ ਹੈ।

ਅਤੇ ਗੁਰ ਦੀਖਿਆ ਦੇਣ ਵਾਲਾ ਗੁਰੂ ਨਾਮ ਦਾਤਾ ਗੁਰੂ ਹੈ ਅਰਥਾਤ ਕੰਨਾਂ ਦੁਆਰਾ ਸਿਖ ਦੇ ਰਿਦੇ ਵਿਚ ਨਾਮ ਦ੍ਰਿੜਾਉਣ ਵਾਲਾ ਹੈ। ਯਥਾ ਗੁਰੂ ਗ੍ਰੰਥ ਜੀ ਵਾਚ :—

"ਨਾਮ ਨਿਧਾਨ ਸਤਿਗੁਰੂ ਦ੍ਰਿੜਾਇਆ ਮਿਟ ਗਏ ਸਗਲੇ ਰੋਗਾ ਜੀਉ।"

ਸੋ ਐਸਾ ਨਾਮ ਦਾ ਦਾਤਾ ਗੁਰੂ ਸੰਤ ਸਾਧ ਜੋ ਹੋਂਦਾ ਹੈ ਉਸਦੇ ਲੱਖਣ ਏਹ ਹੈਨ ਕਿ ਓਹ ਬ੍ਰਹਮ ਸ਼ਰੋਤ੍ਰੀ ਅਤੇ ਬ੍ਰਹਮ ਨੇਸ਼ਟੀ ਹੋਵੇ। ਸੋ ਬ੍ਰਹਮ ਸਰੋਤ੍ਰੀ ਅਤੇ ਬ੍ਰਹਮ ਨੇਸ਼ਟੀ ਉਸਨੂੰ ਕਹੀਦਾ ਹੈ, ਕਿ ਦੀਖਿਆ ਦੁਆਰਾ ਜੋ ਸਤਿ ਸ਼ਬਦ ਪ੍ਰਾਪਤਿ ਹੋਂਦਾ ਹੈ, ਉਸ ਸ਼ਬਦ ਦਾ ਨਾਉਂ ਬ੍ਰਹਮ ਹੈ ਅਤੇ ਜਿਸਨੇ ਮ੍ਰਜਾਦਾ ਪੂਰਬਿਕ ਗੁਰ ਦੀਖਿਆ ਦੁਆਰਾ ਸਤਿਗੁਰਾਂ ਦੀ ਰਸਨਾ ਕਰਕੇ ਗੁਰ ਸ਼ਬਦ ਸੁਣਿਆ ਹੈ ਉਹ ਬ੍ਰਹਮ ਸ਼ਰੋਤ੍ਰੀ ਹੈ। ਅਤੇ ਜਿਸ ਨੇ ਉਸ ਸ਼ਬਦ ਦਾ ਅਭਿਆਸ ਦ੍ਰਿੜ ਕੀਤਾ ਹੈ, ਸੋ ਓਹ ਬ੍ਰਹਮ ਨੇਸ਼ਟੀ ਹੈ।

ਪ੍ਰਸ਼ਨ :—ਏਹ ਕੀਕੁਰ ਨਿਸਚੈ ਹੋਵੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਜੋ ਸੰਤਾਂ ਸਤਿਗੁਰਾਂ ਦੀ ਮਹਿਮਾ ਬਰਨਿਨ ਹੈ ਓਹ ਦਸ ਪਾਤਸ਼ਾਹੀ ਗੁਰੂ ਜੀ ਥੋਂ ਬਿਨਾ ਹੋਰ ਕਿਸੀ ਸੰਤ ਗੁਰੂ ਦੀ ਭੀ ਹੈ। ਅਥਵਾ ਦਸ ਪਾਤਸ਼ਾਹੀ ਗੁਰੂ ਜੀ ਥੋਂ ਬਿਨਾ ਕਿਸੀ ਹੋਰਸੁ ਸੰਤ ਗੁਰੂ ਪਾਸੋਂ ਉਪਦੇਸ਼ ਲੈਣੇ ਕਰਕੇ ਕਿਸੀ ਦੀ ਕਲਿਆਨ ਹੋਂਦੀ ਹੈ।

ਉੱਤਰ :—ਪ੍ਰਿਥਮੇ ਦਸ ਪਾਤਸ਼ਾਹੀ ਗੁਰੂ ਜੀ ਦਾ ਪ੍ਰਜੋਜਨ ਏਹ ਨਹੀਂ ਸੀ ਕਿ ਖ਼ਾਸ ਆਪਣੀ ਮਹਿਮਾ ਆਪਣੇ ਗ੍ਰੰਥ ਵਿਚ ਲਿਖਦੇ। ਜੇਕਰ ਐਸਾ ਕਰਦੇ ਤਾਂ ਓਹੀਓ ਦੋਖ ਇਨ੍ਹਾਂ ਪਰ ਭੀ ਆਂਵਦਾ

ਹੈ ਜੋ ਬਚਿਤ੍ਰ ਨਾਟਕ ਦੇ ਛੇਵੇਂ ਧਿਆਉ ਵਿਚ ਹੋਰਨਾਂ ਪਰ ਲਗੇ ਹੈਨ। ਗੁਰੂ ਜੀ ਮਹਾਰਾਜ ਦਾ ਤਾਂ ਏਹੁ ਪ੍ਰਯੋਜਨ ਸੀ ਕਿ ਵਾਹਗੁਰੂ ਅਕਾਲ ਪੁਰਖ ਜੀ ਦਾ ਖ਼ਾਲਸਾ ਪੰਥ ਪ੍ਰਗਟ ਹੋਵੇ ਅਤੇ ਗੁਰਮੁਖੀ ਚਾਲ ਜੋ ਹੋਹਨਾਂ ਪੰਥਾਂ ਵਾਲਿਆਂ ਨੇ ਗਉਨ ਕਰ ਛਡੀ ਹੈ ਉਸ ਨੂੰ ਮੁਖਿ ਕੀਤਾ ਜਾਏ, ਸੋ ਗੁਰਮੁਖੀ ਚਾਲ ਏਹ ਹੈ। ਯਥਾ ਗੁਰ ਬਚਨ :—

"ਏਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿਨੇ"

ਗੁਰੂ ਸਾਹਿਬ ਜੀ ਨੇ ਤਾਂ ਉਸ ਗੁਰੂ ਦੀ ਮਹਿਮਾ ਗੁਰੂ ਗ੍ਰੰਥ ਸਾਹਿਬ ਵਿਚ ਰੱਖੀ ਹੈ ਜੋ ਸਿੱਖਾਂ ਨੂੰ ਸਤਿ ਸ਼ਬਦ ਦਾ ਉਪਦੇਸ਼ ਦ੍ਰਿੜਾਏ। ਸੋ ਵਿਚੇ ਦਸ਼ ਪਾਤਸ਼ਾਹੀਆਂ ਆ ਗਈਆਂ ਅਤੇ ਵਿਚੇ ਉਹ ਜੋ ਉਨ੍ਹਾਂ ਦੀ ਆਗਿਆ ਕਰਕੇ ਸੰਗਤਾਂ ਵਿਚ ਸਤਿ ਸ਼ਬਦ ਦ੍ਰਿੜਾਉਂਦੇ ਸੇ ਅਤੇ ਹੁਣ ਤਕ ਜੋ ਸਤਿ ਸ਼ਬਦ ਦ੍ਰਿੜਾਉਂਦੇ ਹੈਨ ਅਥਵਾ ਅਗੇ ਜੋ ਦ੍ਰਿੜਾਏ।

ਦੂਜੇ ਜੇਕਰ ਏਹ ਕਹਿਆ ਜਾਇ ਕਿ ਜਿਨ੍ਹਾਂ ਨੇ ਦਸ ਪਾਤਸ਼ਾਹੀ ਗੁਰੂ ਜੀ ਪਾਸੋਂ ਉਪਦੇਸ਼ ਧਾਰਨ ਕੀਤਾ ਹੈ, ਕੇਵਲ ਓਹੀ ਕਲਿਆਨ ਹੋਏ, ਦੂਜੇ ਪਾਸੋਂ ਦੀਖਿਤ ਹੋਣ ਵਾਲੇ ਕਲਿਆਨ ਯੋਗ ਨਹੀਂ। ਸੋ ਇਸ ਪਰ ਗੁਰੂ ਮਹਾਰਾਜ ਜੀ ਦੇ ਅਪਣੇ ਫ਼ੈਸਲੇ ਏਹ ਮੌਜੂਦ ਹੈਨ, ਜੋ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਚਨ ਹੈਨ :—

ਸਤਿਗੁਰ ਮਹਾ ਪੁਰਖ ਹੈ ਪਾਰਸੁ ਜੋ ਲਾਗੈ ਸੋ ਫਲ ਪਾਵੈਗੋ।
ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ ਗੁਰ ਸੇਵਕ ਪੈਜ ਰਖਾਵੈਗੋ।
ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤ ਪਾਵੈਗੋ।
ਜਿਉ ਅੰਬਰੀਕਿ ਅਮਰਾ ਪਦੁ ਪਾਏ ਸਤਿਗੁਰ ਮੁਖਿ ਬਚਨਿ ਧਿਆਵੈਗੋ।

ਹੋਰ—ਨਾਮਾ ਛੀਬਾ ਕਬੀਰ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ।
ਬ੍ਰਹਮ ਕੇ ਬੇਤੇ ਸਬਦੁ ਪਛਾਣੈ ਹਉਮੈ ਜਾਤਿ ਗੁਵਾਈ।
ਸੁਰਿਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ।
ਦੈਤਪੁਤੁ ਕਰਮਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ
ਸਤਿਗੁਰ ਭੇਟਿਐ ਨਿਰਮਲੁ ਹੋਆ ਅਨਦਿਨੁ ਨਾਮ ਵਖਾਣੈ।
ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ।

ਹੋਰ—ਗੁਰ ਸੇਵਾ ਆਪਿ ਹਰਿ ਭਾਵੈ। ਕ੍ਰਿਸ਼ਨ ਬਲਭੱਦ੍ਰ ਜਨ ਪਗ ਲਗਿ ਧਿਆਵੈ।
ਨਾਨਕ ਗੁਰਮੁਖਿ ਹਰਿ ਆਪਿ ਤਰਾਵੈ।

ਹੋਰ—ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ।
ਗੁਰਮੁਖਿ ਜਨਕ ਹਰਿ ਨਾਮਿ ਲਿਵ ਲਾਈ।
ਗੁਰਮੁਖਿ ਬਸਿਸ਼ਟਿ ਹਰਿ ਉਪਦੇਸੁ ਸੁਣਾਈ।
ਬਿਨ ਗੁਰ ਹਰਿ ਨਾਮ ਨ ਪਾਇਆ ਮੇਰੇ ਭਾਈ।
ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ।

ਸੋ ਇਨ੍ਹਾਂ ਬਚਨਾਂ ਤੋਂ ਸਾਫ਼ ਪ੍ਰਤੀਤ ਹੋਂਦਾ ਹੈ ਕਿ ਗੁਰੂ ਨਾਨਕ ਜੀ ਮਹਾਰਾਜ ਦੇ ਅਵਤਾਰ ਹੋਣ ਤੋਂ ਪਹਿਲਾਂ ਭੀ ਗੁਰੂ ਹੋਏ, ਅਤੇ ਉਨ੍ਹਾਂ ਥੋਂ ਕੋਈ ਕੋਈ ਉਪਦੇਸ਼ ਲੈ ਕੇ ਗੁਰਮੁਖ ਬਣ ਮੋਖ ਨੂੰ ਪ੍ਰਾਪਤਿ ਹੋਏ। ਅਤੇ ਦਸ ਪਾਤਿਸ਼ਾਹੀ ਗੁਰੂ ਜੀ ਉਸ ਗੁਰਮੁਖੀ ਚਾਲ ਨੂੰ ਜੋ ਗੌਨ ਹੋ ਜਾਣੇ ਦੇ ਕਾਰਨ ਮ੍ਰਿਤੂ ਦੀ ਦਸ਼ਾ ਤਕ ਪਹੁੰਚ ਚਲੀ ਸੀ ਫਿਰ ਸੁਰਜੀਤ ਕਰਕੇ ਅੰਤਰ ਧਿਆਨ ਹ ਗਏ।

ਸੋ ਤਾਤਪ੍ਰਯ ਏਹ ਕਿ ਜੋ ਕੋਈ ਗੁਰੂ ਕਾ ਸਿਖ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਉਪਦੇਸ਼ ਚਲਾਏ **ਉਹ ਗੁਰੂ ਕਾ ਰੂਪ** ਹੈ। ਉਸ ਸਿਖ ਵਿਚ ਤੇ ਦਸ ਪਾਤਿਸ਼ਾਹੀ ਗੁਰੂ ਜੀ ਵਿਚ ਭੇਦ ਕਿਛ ਨਹੀਂ। ਯਥਾ ਗੁਰੂ ਗ੍ਰੰਥ ਜੀ ਵਾਚ :—

"ਗੁਰ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸ ਚਲਾਇ।
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣ ਸੁਭਾਇ॥

ਸੋ ਜੀ ਸ੍ਰੀ ਗੁਰੂ ਮਹਾਰਾਜ ਪੱਖਬਾਦੀ ਨਹੀਂ ਹੋਏ ਅਤੇ ਨਾ ਉਨ੍ਹਾਂ ਨੂੰ ਆਪਣੇ ਆਪਦੇ ਬਣਾਉਣ ਦੀ ਕੁਛ ਇਛਾ ਸੀ। ਜਿਸ ਕਾਰਜ ਲਈ ਉਨ੍ਹਾਂ ਅਵਤਾਰ ਧਾਰਿਆ ਉਹ ਕਾਰਜ ਕਰਨਾ ਸੀ। ਇਸ ਕਰਕੇ ਸਚੀ ਸਚੀ ਬਾਤ ਪ੍ਰਗਟ ਕਰ ਦਿਤੀ। ਜੋ ਕੋਈ ਗੁਰੂ ਪਦ ਦਾ ਅਧਿਕਾਰੀ ਹੋ ਕਰ ਸਿਖ ਨੂੰ ਦੀਖਿਆ ਦੇ ਕਰ ਭਗਵਤ ਦੇ ਸਿਧੇ ਰਸਤੇ ਪਾਏ, ਚਾਹੇ ਕੋਈ ਹੋਵੇ, ਉਸੀ ਦੀ ਮਹਿਮਾ ਗੁਰੂ ਗ੍ਰੰਥ ਸਾਹਿਬ ਵਿਚ ਬਰਨਿਨ ਹੈ। ਇਸ ਬਰਨਿਨ ਹੋਣ ਦਾ ਤਾਤਪ੍ਰਜ ਏਹ ਹੈ ਕਿ ਸਿਖ ਸਤਿਗੁਰਾਂ ਨਾਮ ਦੇ ਦਾਂਤਿਆਂ ਦੀ ਮਹਿਮਾ ਸੁਣ ਕੇ ਉਨ੍ਹਾਂ ਦੀ ਸ਼ਰਣੀ ਜਾਕਰ ਨਾਮ ਦਾਨ ਲੈਣ। ਅਤੇ ਨਾਮ ਦੇ ਦਾਤੇ ਸਤਿਗੁਰਾਂ ਨੂੰ ਏਹੋ ਜਹਿਆ ਸਮਝਣ ਜਿਹਾਕੁ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਨੂੰ ਮੰਨਣਾ ਅਤੇ ਆਦਰ ਕਰਨਾ ਤੇ ਉਨ੍ਹਾਂ ਦਾ ਉਪਕਾਰ ਜਾਣਨਾ ਬਰਨਿਨ ਹੋਇਆ ਹੈ।

ਪ੍ਰਸ਼ਨ—"ਰਾਮ ਨਾਮ ਸੰਤਨ ਘਰ ਪਾਇਆ" ਅਥਵਾ "ਸਾਧੂ ਕੀ ਮਨ ਓਟ ਗਹੁ" ਇਤਿ ਆਦਿਕ ਬਚਨਾਂ ਵਿਚ ਜੋ ਸੰਤ ਅਥਵਾ ਸਾਧੂ ਪਦ ਕਹਿਆ ਹੈ ਸੋ ਭਗਵੇ ਕਪੜੇ ਵਾਲਿਆਂ ਨੂੰ ਹੀ ਕਹਿਆ ਹੋਵੇਗਾ।

ਉਤਰ—ਨਹੀਂ ਖਬਰਦਾਰ ਇਸ ਖਿਆਲ ਪਰ ਭੁਲ ਕੇ ਕਦੀ ਭੀ ਧੋਖਾ ਨਹੀਂ ਖਾਣਾ। ਭਗਵੇ ਕਪੜੇ ਭੇਖ ਧਾਰਨਾ ਹੈ ਸੋ ਧੋਖੇ ਦੀ ਟਟੀ ਹੈ। ਚੋਰ ਭੀ ਭੇਖ ਧਾਰ ਕੇ ਸਾਧਾਂ ਦਾ ਰੂਪ ਦਿਖਾਈ ਦੇਂਦੇ ਹੈਨ। ਤੇ ਭਗਵੇ ਕਪੜੇ ਆਦਿਕਾਂ ਦਾ ਭੇਖ ਧਾਰਨਾ ਪੇਟ ਪਾਲਨਾ ਵਾਸਤੇ ਹੈ, ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ—

"ਭੇਖੀ ਪ੍ਰਭੂ ਨਾ ਲਭਈ ਵਿਣੁ ਸਚੀ ਸਿਖੰ"

ਹੋਰ— ਬਹੁ ਭੇਖ ਕੀਆ ਦੇਹੀ ਦੁਖ ਦੀਆ। ਸਹੁ ਵੇ ਜੀਆ ਆਪਣਾ ਕੀਆ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਲਗੀਧਰ ਜੀ ਦਾ ਬਚਨ ਹੈ—

"ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ।
ਅੰਤ ਕਾਲ ਕਾਤੀ ਕਟੈ ਬਾਸ ਨਰਕ ਮੋਂ ਲੀਨ।"

ਭਗਵੇ ਕਪੜਿਆਂ ਪਰ ਸੰਤਿਆਈ ਅਥਵਾ ਸਾਧ-ਪੁਣਾ ਨਹੀਂ ਪਇਆ। ਸੰਤ ਭੀ ਓਹੀ ਹੈ ਅਤੇ ਸਾਧੂ ਭੀ ਉਸੀ ਦਾ ਨਾਉਂ ਹੈ ਜੋ ਬ੍ਰਹਮ ਸਰੋਤ੍ਰੀ ਅਤੇ ਬ੍ਰਹਮ ਨੇਸ਼ਟੀ ਹੋਵੇ। ਚਾਹੇ ਓਹ ਭਗਵੇ ਕਪੜੇ ਰਖਦਾ ਹੋਵੇ ਚਾਹੇ ਚਿੱਟੇ। ਚਾਹੇ ਗ੍ਰਹਸਥੀ ਹੋਵੇ ਚਾਹੇ ਤਿਆਗੀ ਫਰਕ ਇਤਨਾ ਹੈ ਕਿ ਜੋ ਗੁਰੂ ਘਰ ਦੀ ਪਰੇ-ਪੂਰਬਲੇ ਨਾਮ ਕਰਕੇ ਦੀਖਿਆ ਦੁਆਰਾ ਬ੍ਰਹਮ ਸ੍ਰੋਤ੍ਰੀ ਅਤੇ ਬ੍ਰਹਮ ਨੇਸ਼ਟੀ ਹੋਵੇ ਓਹ ਗੁਰੂ ਮਤ ਦੇ ਸਾਧ ਸੰਤ ਸਮਝਣੇ ਅਤੇ ਜੋ ਅਨ ਸ਼ਬਦਾਂ ਕਰਕੇ ਦੀਖਿਤ ਹੋਇ ਉਹ ਅੰਨ ਮਤ ਕੇ ਸਾਧ ॥

ਪ੍ਰਸ਼ਨ—ਫਿਰ ਅਕਸਰ ਜੋ ਅਜ ਕਲ ਸਾਧੂ ਫਕੀਰ ਤਿਆਗੀ ਹਨ ਉਨ੍ਹਾਂ ਦੇ ਪਾਸੋਂ ਹੀ ਲੋਕੀ ਗੁਰ ਦੀਖਿਆ ਲੈਂਦੇ ਹੋਣਗੇ।

ਉੱਤਰ :—ਲੋਕੀ ਭਾਵੇਂ ਖੰਡ ਦੀ ਥਾਂ ਰੇਤਾ ਫਕ ਕੇ ਹੀ ਮੰਨ ਲੈਣ ਕਿ ਅਸਾਂ ਖੰਡ ਖਾ ਲਈ ਹੈ ਇਸ ਗਲ ਦਾ ਕੀ ਹੈ। ਸੰਤੋਖ ਹੀ ਕਰ ਲੈਣਾ ਹੈ। ਪਰ ਗੁਰ ਦੀਖਿਆ ਸਫਲ ਓਹੀ ਹੋਂਦੀ ਹੈ ਜੋ ਅਧਿਕਾਰੀ ਪਾਸੋਂ ਲਈ ਜਾਏ। ਸੋ ਗੁਰ ਦੀਖਿਆ ਦੇ ਦੇਨ ਦਾ ਅਧਿਕਾਰ ਤਿਆਗੀ ਪੁਰਸ਼ਾਂ ਨੂੰ ਨਹੀਂ, ਗ੍ਰਹਸਥੀ ਪੁਰਸ਼ ਨੂੰ ਹੈ। ਇਸੀ ਕਰਕੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਥੋਂ ਆਦਿ ਲੈ ਕੇ ਦਸ ਪਾਤਿਸ਼ਾਹੀਆਂ ਆਪ ਗ੍ਰਹਸਥੀ ਸੇ।

ਅਤੇ ਇਹ ਕੋਈ ਨਵੀਂ ਗੱਲ ਨਹੀਂ, ਪੂਰਬਲੀ ਮ੍ਰਿਜਾਦਾ ਭੀ ਏਹੁ ਚਲੀ ਆਉਂਦੀ ਹੈ, ਵਸਿਸ਼ਟ ਆਦਿਕ ਜਿਤਨੇ ਗੁਰ ਦੀਖਿਆ ਦੇਨ ਵਾਲੇ ਮਹਾਤਮਾ ਹੋਏ ਹੈਨ ਸਭੇ ਗ੍ਰਹਸਤੀ ਸੇ। ਵੇਦ ਦੀਆਂ ਉਪਨਿਖਦਾਂ ਦੀ ਕਥਾ ਖ਼ਬਰ ਨਹੀਂ ਤੈਂ ਸੁਣੀ ਹੈ ਕਿ ਨਹੀਂ। ਉਨ੍ਹਾਂ ਉਪਨਿਖਦਾਂ ਵਿਚੋਂ ਤੈਤ੍ਰੇਯ ਨਾਮ ਉਪਨਿਸ਼ਦ ਦਾ ਪ੍ਰਸੰਗ ਹੈ ਕਿ ਜਦ ਯਾਗਵਲਕ ਜੀ ਪਰ ਉਸਦੇ ਗੁਰੂ ਦਾ ਕ੍ਰੋਧ ਹੋਇਆ ਤਾਂ ਗੁਰੂ ਨੇ ਅਪਣੀ ਸਿਖਾਈ ਹੋਈ ਵਿਦਿਆ ਅਪਨੇ ਸਿੱਖ ਯਾਗਵਲਕ ਪਾਸੋਂ ਵਾਪਸ ਮੰਗੀ, ਤਾਂ ਯਾਗਵਲਕ ਨੇ ਓਹ ਵਿਦਿਆ ਉਗਲੱਛ ਕੇ ਸਿਟ ਦਿਤੀ। ਜੋ ਉਸਦੇ ਦੂਜੇ ਗੁਰ ਭਾਈਆਂ ਨੇ ਤਿਤ੍ਰਾਂ ਦਾ ਰੂਪ ਧਾਰ ਕੇ ਚੁਗ ਲਈ। (ਇਹ ਪ੍ਰਸੰਗ ਵਿਸਥਾਰ ਵਾਲਾ ਹੈ ਜੋ ਮੈਨੇ ਸਮੁਚੇ ਹੀ ਤੈਨੂੰ ਸੁਣਾਇਆ ਹੈ) ਤਾਂ ਯਾਗਵਲਕ ਜੀ ਨੇ ਏਹ ਪ੍ਰਣ ਕਰ ਲਿਆ ਕਿ ਹੁਣ ਮੈਨੇ ਮਾਨੁਖ ਨੂੰ ਗੁਰੂ ਧਾਰਨ ਨਹੀਂ ਕਰਨਾ। ਸੂਰਜ ਭਗਵਾਨ ਨੂੰ ਹੀ ਗੁਰੂ ਧਾਰਨ ਕਰਾਂਗਾ। ਤਾਂ ਬਨ ਵਿਚ ਜਾ ਕੇ ਸੂਰਜ ਦੀ ਤਪੱਸਿਆ ਕਰਨ ਲਗਾ। ਸੂਰਜ ਜੀ ਨੇ ਪ੍ਰਸੰਨ ਹੋ ਕਰ ਬ੍ਰਹਮ ਵਿਦਿਆ ਦਾ ਉਪਦੇਸ਼ ਯਾਗਵਲਕ ਜੀ ਨੂੰ ਦਿਤਾ ਅਤੇ ਆਗਿਆ ਦਿਤੀ ਕਿ ਗ੍ਰਿਹਸਥ ਧਰਮ ਨੂੰ ਧਾਰਨ ਕਰਕੇ ਇਸ ਉਪਦੇਸ਼ ਨੂੰ ਸੰਸਾਰ ਪਰ ਦ੍ਰਿੜਾਉ। ਤਿਸ ਸੂਰਜ ਜੀ ਦੀ ਆਗਿਆ ਨੂੰ ਮੰਨ ਕੇ ਯਾਗਵਲਕ ਜੀ ਨੇ ਦੋ ਵਿਆਹ ਕੀਤੇ। ਇਕ ਇਸਤ੍ਰੀ ਦਾ ਨਾਉਂ ਮੈਤ੍ਰੇਯ ਦੂਜੀ ਦਾ ਨਾਉਂ ਕਾਇਤਿਯਾਨੀ ਸੀ। ਇਸ ਪ੍ਰਕਾਰ ਯਾਗਵਲਕ ਜੀ ਨੇ ਸੂਰਜ ਜੀ ਥੀਂ ਬ੍ਰਹਮ ਵਿਦਿਆ ਦਾ ਉਪਦੇਸ਼ ਲੈ ਗ੍ਰਹਸਤੀ ਹੋਕਰ ਅਗੇ ਅਪਣੇ ਸਿਖਾਂ ਨੂੰ ਬ੍ਰਹਮ ਵਿਦਿਆ ਦਾ ਉਪਦੇਸ਼ ਦ੍ਰਿੜਾਇਆ। ਸੋ ਇਸ ਥੋਂ ਪ੍ਰਗਟ ਹੈ ਕਿ ਗੁਰ ਦੀਖਿਆ ਦੇਨ ਦਾ ਅਧਿਕਾਰ ਕੇਵਲ ਗ੍ਰਹਸਤੀ ਬ੍ਰਹਮ ਸ਼ਰੋਤ੍ਰੀ ਬ੍ਰਹਮਨੇਸ਼ਟੀ ਨੂੰ ਹੈ। ਤਿਆਗੀ ਨੂੰ ਨਹੀਂ। ਜੇ ਕਰ ਤਿਆਗੀ ਨੂੰ ਅਧਿਕਾਰ ਹੋਂਦਾ ਤਾਂ ਸੂਰਜ ਜੀ ਯਾਗਵਲਕ ਨੂੰ ਗ੍ਰਹਸਤ ਆਸ਼ਰਮ ਧਾਰਨ ਕਰਨ ਦੀ ਤਗੀਦ ਨਾ ਕਰਦੇ ਅਤੇ ਵਸ਼ਿਸ਼ਟ ਜੋ ਆਦਿਕ ਪਿਛਲੇ ਗੁਰੂ ਭੀ ਗ੍ਰਹਸਤੀ ਨਾ ਹੋਂਦੇ।

ਹੋਰ ਏਹ ਭੀ ਹੈ ਕਿ ਤਿਆਗ ਅਤੇ ਸਨਿਆਸ ਦੋਨੋਂ ਪਰ ਇੱਕ ਹੀ ਅਰਥ ਦੇ ਬੋਧਕ ਹੈਨ। ਸੋ ਅਜ ਕਲ ਜੋ ਸੰਨਿਆਸੀ ਅਰਥਾਤ ਤਿਆਗੀ ਸ਼ਾਧ ਹੈਨ ਚਾਹੇ ਓਹ ਕਿਸੀ ਭੇਖ ਵਿਚ ਹੈਨ, ਸੋ ਉਨ੍ਹਾਂ ਦਾ ਸਨਿਆਸ (ਤਿਆਗ) ਸ਼ਾਸਤ੍ਰ ਦੇ ਵਿਰੁਧ ਹੈ। ਕਾਰਨ ਏਹ ਕਿ ਅਜ ਕਲ ਸਨਿਆਸ ਸ਼ਾਸਤ੍ਰ ਵਿਚ ਖਿਵਰਜਤ ਹੈ। ਸਾਢੇ ਚਾਰ ਹਜ਼ਾਰ ਬਰਸ ਕਲਜੁਗ ਖ਼ਿਤੀਤ ਹੋਣੇ ਤਕ ਸਨਿਆਸ ਪ੍ਰਮਾਣ ਹੈ, ਉਪਰੰਤ ਬਿਵਰਜਤ ਹੈ। ਸੋ ਇਸ ਸਾਢੇ ਚਾਰ ਹਜ਼ਾਰ ਸਾਲ ਦਾ ਮੇਲ ਮੇਲਨੇ ਕਰਕੇ ਏਹ ਸਿਧ ਹੋਂਦਾ ਹੈ ਕਿ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੇ ਅਵਤਾਰ ਹੋਨ ਤੋਂ ਪਹਿਲੇ ਤਕ ਸੰਨਿਆਸ ਪ੍ਰਮਾਣ ਸੀ। ਉਪ੍ਰੰਤ ਗ੍ਰਹਸਤ ਮਾਰਗ ਵਿਚ ਹੀ ਨਿਰਵਿਰਤੀ ਮਾਰਗ ਚਲਣਾ ਸੀ ਜੋ ਐਸੇ ਹੀ ਹੋਯਾ ਯਥਾ ਗੁਰੂ ਗ੍ਰੰਥ ਜੀ ਵਾਚ :—

ਪੂਰਾ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ ॥<br>
ਹਸੰਦਿਆਂ ਖਿਡੰਦਿਆਂ ਖਾਵੰਦਿਆਂ ਪਹਿਨੰਦਿਆਂ ਵਿਚੇ ਹੋਵੈ ਮੁਕਤਿ ॥

ਤਥਾ ਭਾਈ ਗੁਰਦਾਸ ਜੀ ਦਾ ਬਚਨ :—

"ਘਰਬਾਰੀ ਹੋਇ ਵਰਤਿਆ ਘਰਬਾਰੀ ਸਿਖ ਪੈਰੀ ਪਾਇਆ"

ਅਜ ਕਲ ਦੇ ਸਮੇਂ ਏਹ ਸੰਕੇਤ ਹੈ ਯਥਾ ਭਾਈ ਗੁਰਦਾਸ ਜੀ ਦਾ ਬਚਨ :—

ਤੁਸ ਮੈ ਤੰਦੁਲ ਬੋਇ ਨਿਪਜੈ ਸਹਸ੍ਰ ਗੁਨੋ, ਦੇਹ ਧਾਰ ਕਰਤ ਹੈ ਉਪਕਾਰ ਜੀ।<br>
ਤੁਸ ਮੈ ਤੰਦੁਲ ਨਿਰਬਿਘਨ ਲਾਗੈ ਨ ਘੁਨ, ਰਾਖੇ ਰਹੈ ਚਿਰੰਕਾਲ ਹੋਤ ਨ ਖਿਕਾਰ ਜੀ।<br>
ਤੁਸ ਮੈ ਨਿਕਸ ਹੋਇ ਭੰਗਨ ਮਲੀਨ ਰੂਪ, ਸ੍ਵਾਦ ਕਰਵਾਇ ਰਾਧੇ ਰਹੈ ਨ ਸੰਸਾਰ ਜੀ।<br>
ਗੁਰ ਉਪਦੇਸ਼ ਗੁਰ ਸਿਖ ਗ੍ਰਹ ਮੈ ਬੈਰਾਗੀ, ਗ੍ਰਹ ਤਜ ਬਨ ਖੰਡ ਹੋਤ ਨ ਉਧਾਰ ਜੀ।

ਸੋ ਤੂੰ ਭੇਖਾਂ ਵਾਲਿਆਂ ਵਲ ਖਿਆਲ ਕਰਕੇ ਐਵੇਂ ਨਾ ਭ੍ਰਮ ਭਟਕਾ ਕਰ। ਤੂੰ ਅਜਹੇ ਗੁਰੂ ਨੂੰ ਢੂੰਡ ਜੇਹੇ ਦਸ ਪਾਤਿਸ਼ਾਹੀ ਗੁਰੂ ਜੀ ਆਪ ਹੋਏ।

ਅਤੇ ਏਹ ਭੀ ਸਮਝਣ ਵਾਲੀ ਗਲ ਹੈ ਕਿ ਤਿਆਗੀ ਗੁਰੂ ਪਾਸੋਂ ਗ੍ਰਹਸਤੀ ਸਿੱਖ ਦਾ ਕਾਰਜ ਨਹੀਂ ਸਉਰਦਾ ਅਤੇ ਗ੍ਰਹਸਤੀ ਗੁਰੂ ਥੀਂ ਤਿਆਗੀ ਦਾ ਕਾਰਜ ਸਉਰ ਜਾਂਦਾ ਹੈ। ਕਾਰਣ ਏਹ ਕਿ ਤਿਆਗੀ ਨੂੰ ਗ੍ਰਹਸਤ ਵਿਚ ਉਦਾਸ ਰਹਿਣ ਦਾ ਤਜਰਬਾ ਆਪਣਾ ਹੀ ਨਹੀਂ ਹੋਂਦਾ। ਗ੍ਰਹਸਤ ਦੇ ਮੁਕਾਬਲਾ ਕਰਨੇ ਤੋਂ ਆਪ ਹੀ ਕਾਇਰ ਹੋ ਕੇ ਗ੍ਰਹਸਤ ਛਡ ਬਾਹਿਰ ਭੰਨੀ ਫਿਰਦਾ ਹੈ। ਤਾਂ ਦੂਜੇ ਸਿੱਖ ਨੂੰ ਗ੍ਰਹਸਤ ਵਿਚ ਕੀਕੁਰ ਉਦਾਸ ਰਖ ਸਕਦਾ ਹੈ। ਜੋ ਕੋਈ ਆਪ ਸੂਰਮਾ ਬਣ ਗ੍ਰਹਸਤ ਵਿਚ ਰਹਿ ਕਰ ਗ੍ਰਹਸਤ ਦਾ ਮੁਕਾਬਲਾ ਕਰਕੇ ਉਦਾਸੀਨ ਰਹੇ, ਉਹ ਦੂਜੇ ਨੂੰ ਭੀ ਗ੍ਰਹਸਤ ਵਿਚ ਉਦਾਸ਼ੀਨ ਰਖ ਸਕੇਗਾ। ਇਸ ਕਰਕੇ ਤਿਆਗੀ ਗੁਰੂ ਪਾਸੋਂ ਗ੍ਰਹਸਤੀ ਸਿਖ ਦੀ ਕਲਿਆਨ ਨਹੀਂ ਹੋ ਸਕਦੀ।

ਅਤੇ ਗ੍ਰਹਸਤੀ ਗੁਰੂ ਥੋਂ ਤਿਆਗੀ ਸਿੱਖ ਦੀ ਕਲਿਆਨ ਸੁਖਾਲੀ ਇਸ ਕਰਕੇ ਹੈ ਕਿ ਜਿਸ ਗ੍ਰਹਸਤੀ ਗੁਰੂ ਦੀ ਇਤਨੀ ਸੂਰਬੀਰਤਾ ਹੈ ਕਿ ਗ੍ਰਹਸਤ ਵਿਚ ਸਿੱਖ ਨੂੰ ਉਦਾਸੀਨ ਰਖ ਸਕਦਾ ਹੈ ਉਸ ਅਗੇ ਸਿੱਖ ਨੂੰ ਤਿਆਗ ਵਿਚ ਉਦਾਸੀਨ ਰਖਣਾ ਕੀ ਏਡੀ ਗਲ ਹੈ। ਅਸਲ ਵਿਚ ਚਾਹੇ ਗ੍ਰਹਸਤੀ ਹੋਵੇ ਚਾਹੇ ਤਿਆਗੀ ਹੋਵੇ ਦੋਹਾਂ ਦਾ ਮਨ ਕਰਕੇ ਉਦਾਸੀਨ ਹੋਣੇ ਨਾਲ ਕਾਰਜ ਸਉਰਦਾ ਹੈ।

ਸੋ ਮਨ ਕਰਕੇ ਉਦਾਸੀਨ ਕਰਣ ਕਰਾਉਣ ਅਤੇ ਰਹਿਣ ਦਾ ਢੰਗ ਅਜੇਹੇ ਹੀ ਗੁਰੂ ਮੇਂ ਹੋਂਦਾ ਹੈ ਜੋ ਆਪ ਗ੍ਰਹਸਤੀ ਹੋਵੇ । ਭਾਈ ਗੁਰਦਾਸ ਜੀ ਨੇ ਗੁਰੂ ਦੀ ਪ੍ਰੀਖਿਆ ਅਤੇ ਢੂੰਡ ਕਰਨੇ ਪਰ ਏਹ ਸਲਾਹ ਦਿਤੀ ਹੈ । ਯਥਾ ਬਚਨ :—

"ਗੁਰ ਬਿਨ ਮੁਕਤਿ ਨ ਹੋਇ ਸਭਿ ਕੋਊ ਕਹੈ, ਮਾਇਆ ਮੈ ਉਦਾਸ ਰਾਖੈ ਸੋਈ ਗੁਰ ਚਾਹੀਐ ॥"

ਤਾਂ ਤੇ ਤੂੰ ਗ੍ਰਹਸਤੀ ਗੁਰੂ ਦੀ ਢੂੰਢ ਕਰ, ਗ੍ਰਹਸਤੀ ਪਾਸੋਂ ਹੀ ਤੇਰਾ ਕਾਰਜ ਸਉਰੇਗਾ । ਐਵੇਂ ਕਿਸੀ ਤਿਆਗੀ ਪਿਛੇ ਲਗ ਕੇ ਖ਼ਰਾਬ ਨਾ ਹੋਵੀਂ ।

ਬਚਨ :—ਹੱਛਾ ਚੰਗਾ ਆਪ ਨੇ ਏਹ ਵਡੀ ਕ੍ਰਿਪਾ ਕੀਤੀ ਕਿ ਮੈਨੂੰ ਸਤਿਗੁਰਾਂ ਪਾਸੋਂ ਗੁਰ ਦੀਖਿਆ ਲੈਣ ਦਾ ਅਤੇ ਗ੍ਰਹਸਤੀ ਗੁਰੂ ਧਾਰਨ ਦਾ ਨਿਸਚਾ ਕਰਾਇਆ ।

---

ਗੁਰਗਦੀ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਲੋਂ

# ਧਰਮ ਪ੍ਰਚਾਰ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੰਤਾ ਨੂੰ ਦੁਖੀ ਵੇਖ ਕੇ ਹਉਕਾ ਮਾਰ ਕੇ ਆਖਿਆ "ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨ ਆਇਆ" ਹਕੂਮਤ ਦਾ ਡਰ ਵੀ ਨਾ ਮੰਨਦੇ ਹੋਏ ਆਖ ਦਿਤਾ "ਰਾਜੇ ਸ਼ੀਂਹ ਮੁਕੱਦਮ ਕੁਤੇ", ਭਾਵੇਂ ਮਾਤਾ ਪਿਤਾ ਅਤੇ ਭੈਣ ਜੀ ਨੇ ਬਹੁਤ ਮਜਬੂਰ ਕੀਤਾ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਘਰ ਵਾਲਿਆਂ ਦਾ ਮੋਹ ਛਡ ਕੇ ਦੁਖੀ ਜੰਤਾ ਨੂੰ ਸੁਖੀ ਕਰਨ ਲਈ ਧਰਮ ਪ੍ਰਚਾਰ ਰਾਹੀਂ ਤਪਦੇ ਦਿਲਾਂ ਨੂੰ ਠਾਰਨ ਲਈ ਚਾਰ ਉਦਾਸੀਆਂ ਧਾਰ ਕੇ ਠੱਗਾਂ ਚੋਰਾਂ ਹੰਕਾਰੀਆਂ ਨੂੰ ਸਤਿਨਾਮ ਦਾ ਮੰਤ੍ਰ ਦੇ ਕੇ ਭੈੜੇ ਕੰਮਾਂ ਤੋਂ ਹਟਾਇਆ, ਵਿਦੇਸ਼ ਯਾਤਰਾ ਵੀ ਬਹੁਤ ਕੀਤੀ । ਦੁਨੀਆਂ ਅਸਲ ਨੂੰ ਛਡ ਕੇ ਨਕਲ ਵਲ ਲਗੀ ਹੋਈ ਸੀ, ਗੁਰੂ ਜੀ ਨੇ ਅੰਮ੍ਰਿਤ ਬਾਣੀ ਦੇ ਛੱਟੇ ਦੇ ਕੇ ਸਭ ਨੂੰ ਸਿਧਾ ਮਾਰਗ ਦਸਿਆ । ਅਜ ਵੀ ਦੁਨੀਆਂ ਨਿਰੰਕਾਰ ਦੀ ਭਗਤੀ ਨਾਮ ਸਿਮਰਨ ਛਡ ਕੇ ਉਹਨਾਂ ਵਲ ਲਗ ਰਹੀ ਹੈ ਜਿਨ੍ਹਾਂ ਦੇ ਅੰਦਰ ਨਾਮ ਦੀ ਕਣੀ ਵੀ ਨਹੀਂ ਤੇ ਜਗਤ ਦਿਖਾਵਾ ਬਹੁਤ ਹੈ, ਕਹਿੰਦੇ ਹੋਰ ਹਨ ਤੇ ਕਰਦੇ ਹੋਰ ਹਨ, ਉਹਨਾਂ ਦੇ ਡੰਭ ਵਿਚ ਫਸ ਕੇ ਉਹਨਾਂ ਦੇ ਮਗਰ ਲਗ ਕੇ ਉਹਨਾਂ ਨੂੰ ਅਪਨਾਉਣ ਲਗ ਪਏ ਹਨ । ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਤੋਂ ਇਹ ਦੁਖ ਸਹਾਰਿਆ ਨਾ ਗਿਆ, ਵਿਦੇਸ਼ ਯਾਤ੍ਰਾ ਦਾ ਪ੍ਰੋਗਰਾਮ ਬਣਾ ਲਿਆ ਪਹਿਲਾਂ ਇੰਗਲੈਂਡ ਤੇ ਅਫ਼ਰੀਕਾ ਦੀਆਂ ਸੰਗਤਾਂ ਨੂੰ ਧਰਮ ਪ੍ਰਚਾਰ ਕਰਕੇ ਤਪਦੇ ਹੋਏ ਲੋਕਾਂ ਨੂੰ ਠੰਢ ਪਾਈ, ਅਜ ਕਲ ਬਾਬਾ ਜੀ ਅਮਰੀਕਾ ਧਰਮ ਪ੍ਰਚਾਰ ਕਰ ਰਹੇ ਹਨ । ਸ੍ਰੀ ਹਜ਼ੂਰ ਜੀ ਕਹਿੰਦੇ ਹਨ "ਸਭਿ ਤੇ ਵਡਾ ਸਤਿ ਗੁਰ ਨਾਨਕ ਜਿਨਿ ਕਲ ਰਾਖੀ ਮੇਰੀ", ਜੋ "ਅਨਿਕ ਕਲਾਂ ਲੈ ਠਾਕੁਰ ਚੜ੍ਹਿਆ" ਉਸ ਦਾਤਾਰ ਦੇ ਚਲਾਏ ਹੋਏ ਗੁਰਮਤ ਪ੍ਰਚਾਰ ਵਲ ਧਿਆਨ ਦਿਉ ਜੋ ਸਤਿਗੁਰੂ ਆਪ ਨੂੰ ਨਿਰੰਕਾਰ ਦੇ ਲੜ ਲਾਉਣ ਵਾਲਾ ਹੈ, ਉਹ ਸਤਿਗੁਰੂ ਅਜ ਵੀ ਹੈ ਦਰਸ਼ਨ ਕਰਨੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਅਰਦਾਸ ਕਰੋ, ਆਪ ਨੂੰ ਦਰਸ਼ਨ ਹੋਣਗੇ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਆਪ ਨੂੰ ਦਾਸ ਕਰਕੇ ਆਖਿਆ ਹੈ, ਨੀਚ ਤਕ ਵੀ ਲਿਖਿਆ ਹੈ । ਬਾਬਾ ਜੀ ਦੇ ਅਖਰਾਂ ਵਲ ਧਿਆਨ ਕਰੋ ਜੋ ਹਰ ਪ੍ਰਚਾਰ ਸਮੇਂ ਆਖਦੇ ਰਹਿੰਦੇ ਹਨ ਦਾਸ ਦੀ ਬੇਨਤੀ ਪ੍ਰਵਾਨ ਕਰੋ ਤੇ ਆਖੋ ਧੰਨ ਗੁਰੂ ਨਾਨਕ । ਇਹ ਹੈ ਬਾਬਾ ਜੀ ਦਾ ਧਰਮ ਪ੍ਰਚਾਰ । (ਜਸਵੰਤ ਸਿੰਘ)

# ਸ੍ਰੀ ਬੀਰਮ੍ਰਿਗੇਸ਼ ਗੁਰਬਿਲਾਸ-ਦੇਵਤਰੂ

## ੨ ਸਕੰਧ ਪੂਰਬਾਰਧ – ੫ ਅਧਿਆਇ

ਓਂ ਤਤ ਸਤ ।

ਇਸ ਪ੍ਰਕਾਰ ਸਾਹਿਬ ਕੇ ਮੁਖਾਰਬਿੰਦ ਤੇ ਤਤ੍ਵ ਕਾ ਉਪਦੇਸ਼ ਸੁਣ ਕੇ ਪਰਮ ਆਨੰਦ ਵਿਖੇ ਮਗਨ ਹੂਏ ਹੂਏ ਅਲਮਸਤ ਵੇਪਰਵਾਹ ਹੋਕਰ ਵਿਚਰਤੇ ਭਏ । ਇਸੀ ਪ੍ਰਕਾਰ ਜਬ ਬਹੁਤ ਕਾਲ ਵਿਤੀਤ ਹੂਆ ਸੇਵਾ ਕਰਤਯਾਂ ਕੋ ਤਬ ਸ੍ਰੀ ਯਸਵੰਤ ਸਿੰਘ ਜੀ ਕਾ ਯਸ ਤਥਾ ਕੀਰਤੀ ਸਲੋਹ ਔਰ ਊਨੇ ਸਾਹਿਬ ਆਦੀ ਨਗਰ ਤਥਾ ਦੇਸ਼ ਮੈ ਬਹੁਤ ਹੀ ਪਸਰ ਗਯਾ । ਜੈਸੇ ਚੰਦ੍ਰਮਾ ਕੇ ਉਦੇ ਹੂਏ ਚੰਦ੍ਰਮਾ ਕੀਆਂ ਕਿਰਣਾਂ ਦਸੋ ਦਿਸ਼ਾ ਕੋ ਫੈਲ ਜਾਤੀਆਂ ਹੈਂ । ਤੈਸੇ ਹੀ ਇਨ ਕਾ ਯਸ ਕੀਰਤੀ ਘਰ ਘਰ ਦੇਸ ਦੇਸ਼ਾਂਤਰ ਗ੍ਰਾਮ ਗ੍ਰਾਮ ਨਗਰ ਨਗਰ ਵਿਖੇ ਹੋਤੀ ਭਈ । ਤਥਾ ਗੁਰੂ ਸਾਹਿਬ ਸਿੰਘ ਜੀ ਕੇ ਪਾਸ ਭੀ ਬਹੁਤ ਸੇ ਲੋਕ ਸਿਖ ਸੰਤ ਉਸਤਤੀ ਕੀਆ ਕਰੈਂ । ਸ੍ਰੀ ਯਸਵੰਤ ਸਿੰਘ ਜੀ ਆਪਣੇ ਸ੍ਰਵਣੋ ਸੇ ਭੀ ਆਪਣਾ ਯਸ਼ ਬਹੁਤਸਾ ਸੁਣਿਆ ਕਰੈਂ । ਪਰੰਤੂ ਆਪਣੇ ਸਰੀਰ ਕੀ ਉਸਤਤੀ ਆਪਣੇ ਸ੍ਰਵਣੋਂ ਸੇ ਸੁਣ ਕਰਕੇ ਆਪਣੇ ਮਨ ਮੈ ਸ੍ਰੀ ਯਸਵੰਤ ਸਿੰਘ ਜੀ ਕੁਛ ਪ੍ਰਸੰਨ ਨ ਹੋਵੈਂ । ਆਪਣੀ ਉਸਤਤੀ ਕੋ ਵਿਖ ਕੇ ਸਮਾਨ ਸਮਝੈਂ । ਯਥਾ ਮਨੁ ਸਨਮਾਨਾਦ ਬ੍ਰਾਹ੍ਮਣੋ ਨਿਤਯੰ ਮੁਦ੍ਵਿਜੇਤ ਵਿਖਾਦਿਵ ॥ ਅਮ੍ਰਿਤਸਯੇਵ ਚਾਕਾਂਖਯੇ ਦਵਮਾਨਸਯ ਸਰਬਦਾ ॥ 162 । ਸੁਖੰ ਹਯਵਮਤ: ਸ਼ੇਤੇ ਸੁਖੰਚ ਪ੍ਰਤਿ ਬੁਧਯਤੇ ॥ ਸੁਖੰ ਚਰਤਿ ਲੋਕੇ ਸ਼ਿਮਨਵ ਮੰਤਾ ਵਿਨਸ਼ਯਤਿ ॥ 163 ॥

ਬ੍ਰਾਹਮਣ ਬ੍ਰਹਮਵੇਤਾ ਪੁਰਖੁ ਸਨਮਾਨ ਸੇ ਆਦਰ ਸਤਕਾਰ ਅਪਨੀ ਉਸਤਤੀ ਸੇ ਨਿਤ ਹੀ ਐਸਾ ਡਰਤਾ ਰਹੇ ਜੈਸੇ ਵਿਖ ਭਖਣ ਸੇ ਮਰਣ ਕਾ ਡਰ ਹੋਤਾ ਹੈ । ਸਰਬਦਾ ਕਾਲ ਅਪਮਾਨ ਅਪਣੇ ਨਿਰਾਦਰ ਕੋ ਅੰਮ੍ਰਿਤ ਕੇ ਸਮਾਨ ਸਮਝੇ । ਕਾਹੇ ਤੇ ਸਨਮਾਨ ਆਦਰ ਉਸਤਤੀ ਸੇ ਇਸ ਜੀਵ ਕੇ ਤਪ ਅਰਜਤ ਪੁਨੋਂ ਕਾ ਖੈ ਹੋ ਜਾਤਾ ਹੈ । ਅਰਜਤ ਨਾਮ ਤਪ ਕਰਕੇ ਏਕੱਠੇ ਕੀਏ ਹੂਏ ਪੁਨੋਂ ਕਾ ਹੈ । ਅਪਨੇ ਨਿਰਾਦਰ ਹੋਣੇ ਸੇ ਤਪ ਕਰਕੇ ਅਰਜਤ ਪੁਨੋਂ ਕੀ ਬ੍ਰਿਧੀ ਹੋਤੀ ਹੈ ਕਾਹੇ ਤੇ । ਉਸਤਤੀ ਕਰਣੇ ਵਾਲੇ ਲੋਕ ਤਿਸ ਜੀਵ ਦੇ ਪੁਨ ਕੇ ਭਾਗੀ ਹੋ ਜਾਤੇ ਹੈ । ਉਸਤਤੀ ਕਰਕੇ ਇਸ ਕੇ ਪੁਨ ਲੈ ਜਾਤੇ ਹੈਂ, ਨਿੰਦਾ ਕਰਕੇ ਇਸ ਜੀਵ ਕੇ ਪਾਪ ਲੈ ਜਾਤੇ ਹੈਂ ਅਪਣੇ ਪੁਨ ਦੇ ਜਾਤੇ ਹੈਂ । ਤਾਂ ਤੇ ਆਦਰ ਉਸਤਤੀ ਸੇ ਹਮੇਸ਼ਾਂ ਡਰਣਾ ਚਾਹੀਏ । ਅਪਮਾਨ ਕੋ ਅੰਮ੍ਰਿਤ ਕੇ ਸਮਾਨ ਜਾਣਨਾ ਚਾਹੀਏ । ਕਾਹੇ ਤੇ ਅਪਣੇ ਅਪਮਾਨ ਸੇ ਅਪਣੇ ਤਪ ਕੀ ਬ੍ਰਿਧੀ ਹੋਤੀ ਹੈ । ਇਸ ਵਾਸਤੇ ਅਨਾਦਰ ਕੋ ਅੰਮ੍ਰਿਤ ਕੇ ਸਮਾਨ ਜਾਨਨਾ ਚਾਹੀਏ । ਦੂਸਰੇ ਸਲੋਕ ਕਾ ਅਰਥ ਪ੍ਰਥਮ ਲਿਖ ਆਏ ਹੈਂ ਇਸ ਵਾਸਤੇ ਈਂਹਾਂ ਨਹੀਂ ਲਿਖਯਾ । ਅਬ ਅਪਮਾਨਾਤ ਇਸ ਸਲੋਕ ਕਾ ਅਭਿਪ੍ਰਾਯ ਮਨ ਮੈ ਰੱਖ ਕੇ ਸ੍ਰੀ ਯਸਵੰਤ ਸਿੰਘ ਜੀ ਆਪਣੀ ਉਸਤਤੀ ਕੋ ਮਨ ਮੈ ਵਿਖਕੇ ਸਮਾਨ ਸਮਝਕੇ ਏਕ ਦਿਨ ਅਪਣਾ ਸ਼ਰੀਰ ਸਯਾਮ ਕਰਕੇ ਤਥਾ ਸੀਸ ਤੇ ਲੇਕੇ ਪਾਂਦ ਪ੍ਰਯੰਤ ਦਿਗੰਬਰ ਹੋ ਕੇ ਮੈ ਅਰਧ ਰਕਤ ਅਰਧ ਸਯਾਮ ਏਕ ਹਾਥ ਮੈ ਲਿੰਗ ਇੰਦ੍ਰਯ ਪਕੜ ਲੀਆ ਦੂਸਰੇ ਹਾਥ ਮੈ ਰਸਨਾ ਇੰਦ੍ਰਯ ਕੋ ਪਕੜ ਲੀਆ । ਦੀਵਾਨ ਮੈ ਸਾਹਿਬ

ਕੇ ਹਜ਼ੂਰ ਜਾਇ ਖੜੇ ਹੂਏ। ਉਸ ਸਮੇਂ ਬੜਾ ਭਾਰੀ ਦੀਵਾਨ ਲਗਾ ਹੂਆ ਥਾ ਬੜੇ ਬੜੇ ਸਿਰਦਾਰ ਬੜੇ ਬੜੇ ਖਾਨਦਾਨ ਰਹੀਸ ਦੀਵਾਨ ਮੈ ਬੜੇ ਬੜੇ ਵਿਦਵਾਨ ਬੈਠੇ ਥੇ ਹਜਾਰਾਂ ਦਰ ਹਜ਼ਾਰਾ। ਉਸ ਮੇਂ ਦੀਵਾਨ ਮੈ ਸਾਹਿਬ ਕੇ ਹਜ਼ੂਰ ਖੜੇਇਕੇ ਮਨ ਕਰਕੇ ਬੇਨਤੀ ਕਰਤੇ ਭਏ। ਹੇ ਦੀਨਾ ਨਾਥ ਹੇ ਦੀਨ ਬੰਧੋਂ ਗਰੀਬ ਨਿਵਾਜ ਪਰਮ ਦਯਾਲੂ ਸਰਬ ਬਯਾਪੀ ਅੰਤਰਯਾਮੀ, ਮੇਰੇ ਮੈ ਕੋਈ ਗੁਣ ਨਹੀਂ ਹੈ। ਯੇ ਸਰੀਰ ਅਵਗੁਣੋਂ ਕਰਕੇ ਭਰਪੂਰ ਹੈ। "ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗ ਕੀਤੋ ਹੀ॥ ਮੈ ਨਿਰਗੁਣਿਆਰੇ ਕੋ ਗੁਣ ਨਾਹੀ ਆਪੇ ਤਰਸ ਪਇਓਹੀ॥ ਤਰਸ ਪਇਆ ਮੇਹਰਾਮਤ ਹੋਈ ਸਤਿਗੁਰੁ ਸਜਣ ਮਿਲਿਆ॥ ਨਾਨਕ ਨਾਮ ਮਿਲੈ ਤਾਂ ਜੀਵਾਂ ਤਨ ਮਨ ਥੀਵੇ ਹਰਿਆ॥ ਹੇ ਅੰਤ੍ਰਯਾਮੀ ਪ੍ਰਭੂ ਆਪਣੀ ਮਾਯਾ ਤੇ ਰਖ ਲੇਵਹੁ॥"

ਯੇ ਦੋ ਇੰਦ੍ਰਿਯ ਬੜੇ ਪ੍ਰਬਲ ਹੈ ਇਨ ਤੇ ਭੀ ਰਖਯਾ ਕਰੋ। ਹਮ ਸੰਸਾਰੀ ਇਨ ਦੋਨੋ ਇੰਦ੍ਰਿਯ ਕੇ ਵਸ ਵਰਤੀ ਹਾਂ। ਸੋ ਜੈਸੇ ਹਸਤੀ ਨਦੀ ਕੀ ਦਲ ਦਲ ਮੈ ਫਸ ਜਾਤਾ ਹੈ। ਪੁਨਾ ਉਸ ਕੋ ਕੋਈ ਭੀ ਨਿਕਾਸ ਨਹੀਂ ਸਕਤਾ। ਵੋ ਹਸਤੀ ਵਿਚਾਰਾ ਵਿਵਸ ਹੂਆ ਹੂਆ ਉਸ ਗਰਤ ਕੇ ਬੀਚ ਸੇ ਜਿਉਂ ਜਿਉਂ ਨਿਕਸਨੇ ਕਾ ਜਤਨ ਕਰਤਾ ਹੈ ਤਿਉਂ ਤਿਉਂ ਉਸ ਗਰਤ ਕੇ ਬੀਚ ਧਸਤਾ ਜਾਤਾ ਹੈ। ਤੈਸੇ ਹੀ ਹਮ ਸਰੀਖੇ ਜੀਵ ਸਤਿਗੁਰੂ ਸੇ ਬਿਨਾਂ ਇਨ ਦੋ ਇੰਦ੍ਰਿਯ ਸੇ ਜਿਉਂ ਜਿਉਂ ਛੂਟਨੇ ਕਾ ਉਪਾਵ ਕਰਤੇ ਹੈ। ਤਿਉਂ ਤਿਉਂ ਉਲਟਾ ਫਸਤੇ ਜਾਤੇ ਹਾਂ। ਜੈਸੇ ਹਸਤੀ ਕੋ ਕੋਈ ਪ੍ਰਬਲ ਹਸਤੀ ਆਇ ਮਿਲੇ ਪੁਨਾਂ ਕੇ ਵਸ ਸੇ ਤਬ ਉਸ ਕੇ ਸੁੰਡ ਮੈ ਆਪਣੀ ਸੁੰਡ ਪਾਇਕੇ ਬਲ ਕਰਕੇ ਫਸੇ ਹੂਏ ਹਸਤੀ ਕੋ ਖੈਂਚ ਕੇ ਨਿਕਾਸ ਲੇਤਾ ਹੈ। ਤੈਸੇ ਹੀ ਪੂਰਣ ਸਤਿਗੁਰੂ ਇਸ ਜੀਵ ਕੇ ਪੂਰਣ ਪੁਨੋਂ ਕੇ ਵਸ ਸੇ ਆਇ ਮਿਲੈ ਇਸ ਜੀਵ ਕੇ ਭਾਗ ਜਾਗੇ ਤਬ ਸਤਿਗੁਰੂ ਕੀ ਸਰਨੀ ਪੜ ਜਾਵੇ। ਤਬ ਸਤਿਗੁਰੂ ਕ੍ਰਿਪਾ ਕਰਕੇ ਬਲ ਕਰਕੇ ਸੰਸਾਰ ਰੂਪੀ ਗਰਤ ਸੇ ਨਿਕਾਸ ਲੇਤੇ ਹੈਂ। ਤਾਂ ਤੇ ਹੇ ਭਗਵਨ ਰੀਰੀ ਲਲੀ ਪਾਪ ਕਮਾਣੇ ਪੜ ਅਵਗੁਨ ਗੁਨ ਵੀਸਰਿਆ। ਇਨਾਂ ਦੁਹਾਂ ਇੰਦ੍ਰਯਾਂ ਕੇ ਵਸ ਹੋ ਕੇ ਹਮ ਅਵਗੁਣ ਕਰਤੇ ਹਾਂ ਸਦਾ। ਰੀਰੀ ਨਾਮ ਰਸਨਾ ਇੰਦ੍ਰਿਯ ਸੇ, ਲਲੀ ਨਾਮ ਲਿੰਗ ਇੰਦ੍ਰਿਯ ਸੇ ਪਾਪ ਕਰਮ ਕਰਤੇ ਹਾਂ। ਸ਼ਾਸ਼ਤ੍ਰ ਵੇਦ ਸੁਣਤੇ ਪੜਤੇ ਭੀ ਹੈਂ ਤਥਾਪੀ ਸੁਣ ਪੜਕੇ ਭੀ ਪਰਮੇਸ੍ਵਰ ਕੇ ਗੁਣ ਕਹਯੇ ਉਪਕਾਰ ਭੂਲ ਗਏ ਹਾਂ। ਮਾਯਾ ਕੇ ਮੋਹ ਕਰਕੇ ਅਵਗੁਣੋ ਮੈ ਪਾਪ ਕਰਮੋਂ ਮੈ ਹਮਾਰੀ ਬਹੁਤ ਹੀ ਪ੍ਰੀਤੀ ਹੈ। ਅਥਵਾ ਅਵਗੁਣ ਨਾਮ ਅਗਯਾਨ ਕਾ ਹੈ। ਗੁਣ ਨਾਮ ਗਯਾਨ ਕਾ ਹੈ। ਤਾਂ ਤੇ ਹੇ ਸਤਗੁਰੋ ਅਬ ਆਪ ਐਸੀ ਬਾਤ ਉਲਟੀ ਕਰੋ ਆਪ ਕੀ ਕ੍ਰਿਪਾ ਦ੍ਰਿਸ਼ਟੀ ਸੇ। ਆਪ ਕੇ ਵੇਦ ਰੂਪ ਬਚਨ ਸੁਣ ਪੜ ਕੇ ਅਵਗੁਣ ਜੋ ਆਗਯਾਨ ਹੈ ਸੋ ਵਿਸਰ ਜਾਵੇ, ਵਿਸਰਜਨ ਹੋ ਜਾਵੇ, ਨਸਟ ਹੋ ਜਾਵੇ। ਜੈਸੇ ਰਵਿ ਕੇ ਉਦੈ ਹੂਏ ਹੂਏ ਤਮ ਨਸ਼ਟ ਹੋ ਜਾਤਾ ਹੈ। ਗੁਣ ਜੋ ਗਯਾਨ ਹੈ ਸੋ ਸੂਰਜ ਵਤ ਉਦਯ ਹੋਇ ਆਵੇ ਐਸੀ ਅਨੁਗ੍ਰਹ ਕਰਹੁ। ਇਸ ਪ੍ਰਕਾਰ ਸੇ ਬੇਨਤੀ ਮਨ ਹੀ ਕਰਕੇ ਕਰਤੇ ਭਏ। ਇਸ ਪ੍ਰਕਾਰ ਕਾ ਸ੍ਵਾਂਗ ਦੇਖ ਕਰ ਸਾਹਿਬ ਕੋਪ ਕਰਕੇ ਹਲਾ ਨ ਕਰਾਇ ਦੇਵੇਂ। ਜੈਸੇ ਸ੍ਰੀ ਮਨਸਾ ਸਿੰਘ ਜੀ ਕਾ ਸ੍ਵਾਂਗ ਦੇਖ ਕੇ ਹਲਾ ਕਰਾਇ ਕੇ ਮਰਵਾਇ ਦੀਆ ਥਾ। ਐਸੇ ਵਿਚਾਰ ਕਰਕੇ ਭਲੇ ਭਲੇ ਲੋਕ ਮਨ ਮੈ ਭੈਭੀਤ ਹੋਤੇ ਭਏ ਦੁਸ਼ਟ ਪੁਰਖ ਦੇਖ ਕੇ ਸ੍ਵਾਂਗ ਬੜੇ ਰਾਜੀ ਹੋਤੇ ਭਏ। ਕਿਉਂ ਜੋ ਅਬ ਇਨ ਕੇ ਊਪਰ ਸਾਹਿਬ ਕੇ ਹੁਕਮ ਸੇ ਹਲਾ ਕਰੈਂਗੇ। ਇਧਰ ਸਾਹਿਬ ਅੰਤਰਯਾਮੀ ਨੇ ਸ੍ਰੀ ਯਸਵੰਤ ਸਿੰਘ ਜੀ ਕੀ ਪਰਮ ਨਿਮ੍ਰਤਾ ਪੂਰਬਕ ਮਨ ਕਰਕੇ ਬੇਨਤੀ ਸੁਣੀ, ਊਪਰ ਕੇ ਸ੍ਵਾਂਗ ਕਾ ਪ੍ਰਯੋਜਨ ਸਰਬ ਸਮਝ ਕੇ ਬੜੇ

ਪ੍ਰਸੰਨ ਹੋਤੇ ਭਏ। ਪਰਮ ਵਿਕਸਤ ਮੰਦ ਮੰਦ ਹਾਸ ਯੁਕਤ ਮੁਖ ਸੇ ਬਚਨ ਕਰਤੇ ਭਏ। ਮਾਂਗ ਨਿਕਯਾ ਜੋ ਤੇਰੀ ਇਛਾ ਆਵੇ। ਹਮ ਤੇਰੇ ਪਰ ਤੁਸ਼ਟ ਹਾਂ ਤੇਰੀ ਸੇਵਾ ਕਰਕੇ। ਜੋ ਤੂੰ ਮਾਂਗੇਂਗਾ ਸੋ ਹਮ ਦੇਵੈਂਗੇ। ਤ੍ਰਿਲੋਕੀ ਵਿਖੇ ਐਸਾ ਕੋਈ ਪਦਾਰਥ ਨਹੀਂ ਹੈ ਜੋ ਹਮ ਕੋ ਅਦੇਯ ਹੋਵੇ। ਹਮ ਸਭ ਕੁਛ ਤੁਮ ਕੋ ਦੇ ਸਕਤੇ ਹੈਂ। ਜਬ ਤੁਸ਼ਟ ਹੋਇਕੇ ਸ੍ਰੀ ਗੁਰੂ ਜੀ ਨੇ ਐਸਾ ਬਚਨ ਕੀਆ ਤਬ ਸੁਣ ਕੇ। ਸਿਖਉਵਾਚ ॥ ਹੇ ਭਗਵਨ ਆਪ ਕਾ ਦੀਆ ਸਭ ਕੁਛ ਹੈ ਜੋ ਆਪਨੇ ਸੰਤੋਖ ਬਖਸ਼ਾ ਹੂਆ ਹੈ। ਪੁਨਾ ਬਚਨ ਹੂਆ ਮਾਂਗ ਸਿਖਾ ਜੋ ਤੇਰੀ ਇਛਾ ਹੈ। ਹਮ ਤੇਰੇ ਊਪਰ ਬਹੁਤ ਹੀ ਪ੍ਰਸੰਨ ਹੈਂ। ਸਿਖੋਵਾਚ। ਹੇ ਭਗਵਨ ਜੋ ਆਪ ਮੇਰੇ ਊਪਰ ਪ੍ਰਸੰਨ ਹੋ ਕੇ ਵਰ ਲੈਣੇ ਵਾਸਤੇ ਪ੍ਰੇਰਤੇ ਹੋ। ਤਬ ਔਰ ਕਯਾ ਮਾਂਗੋਂ। ਯੇ ਵਰ ਦੇਵਹੁ ਜੋ ਹਮਾਰੇ ਮਨ ਮੈ ਕਿਸੀ ਪ੍ਰਕਾਰ ਕੀ ਕਾਮਨਾ ਕੇ ਮਾਂਗਨੇ ਕਾ ਸੰਕਲਪ ਹੀ ਨ ਹੋਵੇ, ਹੇ ਗੁਰੋ ਮੈ ਬਨਯੋਂ ਕੇ ਸਮਾਨ ਨਹੀ ਕੀਆ ਚਾਹਤੇ। ਸ੍ਰੀ ਗੁਰੂ: ਤਥਾਸਤੂ।

ਐਸੇ ਬਚਨ ਕੀਆ ਹੇ ਸਿਖ ਔਰ ਭੀ ਇਛਾ ਹੋਵੇ ਸੋਭੀ ਲੇਵਹੁ। ਸਿਖ: ਅਛਾ ਹੇ ਪ੍ਰਭੂ ਆਪ ਕੀ ਇਛਾ ਹੋ ਤੋ ਤਬ ਟੂਟੀ ਮੇਲਹੁ। ਜੋ ਮੈਣ ਦਾਬੀਏ ਸਿਰਦਾਰਾਂ ਨੇ ਤਥਾ ਔਰ ਸਿਖਾਂ ਨੇ ਲਿਖ ਦੀਆ ਥਾ। ਜੋ ਹਮ ਤੇਰੇ ਸਿਖ ਨਹੀਂ, ਤੂੰ ਹਮਾਰਾ ਗੁਰੂ ਨਹੀਂ, ਮਲੇਰ ਕੋਟਲੇ ਕੀ ਲੜਾਈ ਮੈ। ਸੋ ਕਾਗਦ ਆਪ ਫਾੜ ਦੇਵਹੁ। ਤਬ ਬਚਨ ਹੂਆ ਹੇ ਸਿਖ ਤੈਨੇ ਇਸ ਵਰ ਸੇ ਕਯਾ ਲੇਨਾ ਹੈ। ਔਰ ਤੇਰੀ ਜੋ ਇਛਾ ਆਵੇ ਸੋ ਮਾਂਗ ਲੇ। ਵੋ ਸਿਖ ਬਖਸ਼ਨੇ ਲਾਯਕ ਨਹੀਂ ਹੈ। ਇਸਤ੍ਰੀ ਪੁਤ੍ਰ ਧਨ ਆਯੂ ਰਾਜ ਲੇਲੇ ਪਰੰਤੂ ਇਹੁ ਵਰ ਮਤ ਮਾਂਗ ॥ ਸਿਖੋਵਾਚ ॥ ਹੇ ਦੀਨ ਬਧੋ ਜੇ ਆਪ ਪ੍ਰਸੰਨ ਹੋ ਮੇਰੇ ਪਰ ਤਬ ਏਹੀ ਵਰ ਦੇਵਹੁ ਜੋ ਟੂਟੀ ਮੇਲਹੁ। ਪੁਨਾ ਬਚਨ ਹੂਆ ਹੇ ਪੁਤ੍ਰ ਇਸ ਵਰ ਕਾ ਬਦਲਾ ਔਰ ਸਾਰੀ ਪ੍ਰਿਥਵੀ ਕਾ ਚਾਰੰ ਸਮੁਦ੍ਰਹੁ ਪ੍ਰਯੰਤ ਰਾਜ ਲੇ, ਬਡੀ ਆਰਬਲਾ, ਦੇਹ ਅਰੋਗ, ਹਮੇਸ਼ਾ ਜੁਬਾ ਅਵਸਥਾ ਤਥਾ ਸਰੀਰ ਕੀ ਸੁੰਦਰਤਾ, ਸੁੰਦਰ ਇਸਤ੍ਰੀਆਂ ਕੇ ਭੋਗ। ਸੁੰਦਰ ਆਗਿਆਕਾਰੀ ਪੁਤ੍ਰ ਤਥਾ ਆਗਿਆ ਕਾਰੀ ਸੇਵਕ ਮਾਲ ਕੋਸ਼ ਧਨ ਧਾਮ ਆਦਿਕ ਵਰ ਮਾਂਗ ਲੇ। ਪਰੰਤੂ ਏਹੁ ਵਰ ਨਾ ਮਾਂਗ।

ਸਿਖਉਵਾਚ—ਹੇ ਸਰਬ ਸ਼ਕਤੀ ਮਤ ਸਰਬ ਕਲਾ ਸਮਰਥ ਸ੍ਰੀ ਗੁਰੋ ਆਪ ਮੇਰੇ ਕੋ ਮਿਥਿਆ ਸੁਪਨਵਤ ਨਸ੍ਵਰ ਪਦਾਰਥ ਦਿਖਾਇ ਕੇ ਮੁਝ ਕੋ ਕਾਹੇ ਕੋ ਲੁਭਾਤੇ ਹੋ ਜੇ ਆਪ ਮੇਰੇ ਪਰ ਪ੍ਰਸੰਨ ਹੋ ਏਹੀ ਵਰ ਦੇਵੋ ਜੋ ਉਨਾਂ ਸਿਖਾਂ ਕਾ ਅਪ੍ਰਾਧ ਬਖਸ਼ੋ ਜੋਨਸਾ ਉਨ੍ਹਾਂ ਸਿਖਾਂ ਮੈਣ ਦਾਬੀਆਂ ਸਰਦਾਰਾਂ ਨੇ ਕਾਗਦ ਲਿਖ ਦੀਆ ਹੈ ਸੋ ਕਾਗਦ ਫਾੜ ਦੇਵਹੁ। ਪੁਨਾ ॥ ਸ੍ਰੀਗੁਰੁਉਵਾਚ ॥ ਹੇ ਸੌਮਯ ਤਿਸ ਕਾ ਬਦਲਾ ਅਸ਼ਟਦਸ ਸਿਧੀ ਨਵ ਨਿਧੀ ਭੀ ਲੇ ਪਰੰਤੂ ਯੇ ਵਰ ਮਤ ਮਾਂਗ ॥ ਸਿਖਉਵਾਚ ॥ ਹੇ ਗੁਰੂ ਪਾਰਬ੍ਰਹਮ ਜੀ ਔਰ ਅਬ ਮੇਰੇ ਕੋ ਕੁਛ ਭੀ ਨ ਚਾਹੀਏ। ਜੇ ਦੇਤੇ ਹੋ ਤੋ ਸਿਖਾਂ ਅਪ੍ਰਾਧੀਆਂ ਕੇ ਬਖਸ਼ਣੇ ਕਾ ਹੀ ਵਰ ਦੇਵਹੁ ॥ ਸ੍ਰੀ ਗੁਰੁਉਵਾਚ ॥ ਧਨ ਵੋ ਮੇਰਿਆ ਪਰਉਪਕਾਰੀਆ ਸਿਖਾ ਧੰਨ ਹੈਂ ਤੂੰ ਜਿਸ ਨੇ ਪਰਉਪਕਾਰ ਵਾਸਤੇ ਸਰਬ ਤਿਆਗ ਕਰ ਦੀਆ ਹੈ। ਕੋਈ ਭੀ ਆਪਣੇ ਸੁਖ ਕਾ ਤੁਮ ਨੇ ਲਾਲਚ ਨਹੀਂ ਕੀਆ ਹੈ। ਤਾਂ ਤੇ ਹੇ ਸਿਖ ਤੂੰ ਧੰਨ ਹੈਂ। ਧਨ ਤੇਰੇ ਮਾਤਾ ਪਿਤਾ ਹੈਂ। ਜਿਨ ਤੇ ਤੁਮਾਰੀ ਉਤਪਤੀ ਹੈ ਧਨ ਤੇਰੀ ਕਰਨੀ ਹੈ ਜਿਸ ਕਰਮ ਕਰਕੇ ਗੁਰੂ ਪ੍ਰਮੇਸ੍ਵਰ ਕੋ ਪ੍ਰਸੰਨ ਕੀਆ ਹੈ। ਹਮ ਨੇ ਉਨ ਸਿਖੋ ਬੇਮੁਖੋਂ ਕੋ ਕਬੀ ਭੀ ਨਹੀਂ ਬਖਸ਼ਣਾ ਥਾ। ਪਰੰਤੂ ਤੇਰੇ ਕੋ ਵਰਪ੍ਰਦਾਨ ਦੇਣੇ ਸੇ ਅਬ ਬਖਸ਼ਤੇ ਹੈਂ ਲੇਹ ਯੇ ਕਾਗਦ ਉਨਕਾ ਲਿਖਾ ਹੂਆ ਤੇਰੇ ਸਨਮੁਖ ਫ਼ਾੜ ਦੇਤੇ ਹੈਂ। ਐਸੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਨੇ ਆਪਣੇ ਸਿਖ ਕੋ ਦਿਖਾਇ ਕੇ ਵੋ ਕਾਗਦ ਫਾੜ ਕੇ ਬਚਨ ਕੀਆ। ਲੈ ਭਾਈ ਸਿਖਾ ਹਮਨੇ ਉਨਾਂ ਤਨਖਾਹੀਆਂ ਸਿਖਾਂ ਕੋ ਬਖ਼ਸ਼ਿਆ, ਤੁਮ ਕੋ ਵਰ ਪ੍ਰਦਾਨ ਸੇ।

# ਪੁਰਾਤਨ ਜਨਮ ਸਾਖੀ

[ਕਰਤਾ ਬਾਬਾ ਮੇਹਰਬਾਨ ਜੀ ਸੋਢੀ, ਵਿਚੋਂ]

(ਪਿਛੇ ਤੋਂ ਅਗੇ)

## (ਅ) ਸ੍ਰੀ ਗੁਰੂ ਨਾਨਕ ਦੇਵ ਜੀ ਬਨਾਰਸ ਵਿਚ

ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਸੁਚ ਦੀ ਅਸਲੀਅਤ)

ਤਬ ਗੁਰੂ ਬਾਬਾ ਨਾਨਕੁ ਜੀ ਪਿਰਾਗ ਤੇ ਪੂਰਬ ਕੀ ਧਰਤੀ ਨਗਰਿ ਬੰਨਾਰਸੀ ਮਹਿ ਜਾਇ ਪ੍ਰਗਟੇ। ਤਬ ਊਹਾ ਬੰਨਾਰਸੀ ਮਹਿ ਬਹੁਤੁ ਪੰਡਿਤ ਕਠਨਾਈ ਰਹਤੇ ਹੈ। ਊਹਾਂ ਗੁਰੂ ਬਾਬੇ ਨਾਨਕ ਕਉ ਓਹਿ ਪੰਡਿਤ ਲਾਗਿ ਪੜੇ ਜਿ, "ਨਾਨਕ ! ਤੂੰ ਬਡਾ ਮਹਾ ਪੁਰਖ ਹੈ, ਭਲਾ ਅਤੀਤੁ ਹੈ, ਪਣੁ ਨਾਨਕ ਜੀ ! ਆਜੁ ਹਮ ਕਉ ਭੀ ਕਿਰਤਾਰਥ ਕਰਹੁ, ਕਿਉ ਜਿ ਹਮ ਤੁਮਾਰੇ ਹੀ ਹਹਿ। ਬੈਸਨਉ ਧਰਮ ਮਾਹਿ ਸਭੁ ਕੋਈ ਹੈ ਜਿਤਨਾ ਕੋਈ ਠਾਕੁਰ ਜੀ ਕਾ ਸੇਵਕੁ ਹੈ, ਹੋਇ ਜਿ ਤੁਧ ਆਜੁ ਹਮਾਰੇ ਪਰਸਾਦੁ ਲੇਹੁ"। ਤਬ ਗੁਰੂ ਬਾਬੇ ਨਾਨਕ ਜੀ ਕਿਹਾ ਜਿ, "ਭਲਾ ਹੋਇ ਮਿਸਰ ਜੀ ! ਹਮ ਜੇਮਹਿਗੇ ਬਾਬਾ, ਪਣੁ ਖਰੀ ਸੂਰਖਾ ਸਾਥਿ ਪ੍ਰਸਾਦੁ ਹੋਇ ਅਪਰਸੁ ਹੋਇ ਸੁ ਕੋਈ ਤਿਸੁ ਪਾਸ ਤੇ ਪ੍ਰਸਾਦੁ ਕਰਾਵਣਾ, ਖਰੀ ਭਲੀ ਜੁਗਤਿ ਸਾਥਿ, ਅਉਰੁ ਕੋਈ ਊਹਾ ਨਾਹੀ ਭਿਟਣ ਦੇਣਾ। ਜਉ ਖਰੀ ਪਵਿਤ੍ਰਤਾ ਸਾਥਿ ਰਸੋਈ ਹੋਇਗੀ ਤਉ ਮੈ ਪ੍ਰਸਾਦੁ ਲੇਉਗਾ"। ਤਬ ਉਨਹੁ ਕਹਿਆ ਜਿ, "ਹਾਂ ਜੀ, ਉਠੀਐ ਊਹਾਂ ਚਲੀਐ ਤੀਰਥ ਕੇ ਉਪਕੰਠਿ"। ਤਬ ਉਨਹੁ ਰਸੋਈ ਕਰੀ ਬਾਬੇ ਕੇ ਹਜੂਰਿ। ਕਹੈ, "ਬਾਬਾ ਜੀ ! ਤੁਮ ਹਜੂਰਿ ਬੈਠੇ ਦੇਖਹੁ"। ਜਬ ਪਰਸਾਦੁ ਹੋਆ ਤਬ ਗੁਰੂ ਬਾਬਾ ਨਾਨਕੁ ਜੀ ਜਾਇ ਨਿਕਟਿ ਬੈਠਾ। ਤਬ ਗੁਰੂ ਬਾਬੇ ਰਸੋਈ ਦੇਖਿ ਕਰਿ ਕਹਿਆ ਜਿ, "ਪੰਡਿਤਹੁ ਜੀ ! ਹਮਾਰਾ ਜੀਉ ਨਾਹੀ ਏਸ ਤੁਮਾਰੀ ਰਸੋਈ ਉਪਰ, ਤੁਮਾਰਾ ਜੀਉ ਠਹਰਾਵਤਾ ਨਾਹੀ।" ਕਹੈ ਜੀ, "ਕਿਉ ?" ਕਹੈ, "ਜੀ, ਇਉ ਜਿ ਤੁਮਹੁ ਕੋਈ ਬੈਸਨਉ ਨਾ ਲਗਾਇਆ ਜਿਸੁ ਤੇ ਪਾਕੁ ਪਰਸਾਦੁ ਸੂਚਾ ਹੋਇ" ਕਹੈ,"ਜੀ ਓਹਿ ਜਿ ਬੈਸਨਉ ਹੈ ਸਿ ਐਸੇ ਓਹਿ ਹੈ, ਸੇ ਕੈਸੇ ਬੈਸਨਉ ਹੈ ਓਹਿ ਜਿ ਖਰੇ ਨੇਮ ਕੀ ਸੂਚ ਰਹਤੇ ਹੈ, ਖਰੇ ਅਪਰਸੁ ਰਹਤੇ ਹੈਂ ?" ਤਬ ਗੁਰੂ ਬਾਬੇ ਉਤੁ ਪਰ ਸਥਾਇ ਸਲੋਕੁ ਕੀਆ ਜਿ :-

ਜਿਉ ਜੋਰੂ ਸਿਰ ਨਾਵਣੀ, ਆਵੈ ਵਾਰੋ ਵਾਰ ॥
ਜੂਠੇ ਜੂਠਾ ਮੁਖਿ ਵਸੈ, ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ, ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ, ਜਿਨ ਮਨਿ ਵਸਿਆ ਸੋਇ ॥੨॥

ਤਿਸੁ ਕਾ ਪਰਮਾਰਥੁ :-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਿਹੋ ਪੰਡਤਹੁ ! ਸੂਚਾ ਸੋਈ ਜੁ ਪਾਪ ਕਰਣ ਤੇ ਨੇਮ ਕਰੈ ਜਿ ਪਾਪ ਨਾਹੀ ਛਿਪਣਾ, ਅਰੁ ਜਿਸਦਾ ਸਰਬਦਾ ਪਾਪੀ ਜੀਉ ਹੈ ਸੋ ਸੂਚਾ ਕਿਉ ਕਰਿ ਹੋਇ ? ਜਣੁ, ਓਹੁ

ਨਾਇਆ ਧੋਇਆ, ਅਪਰਸੁ ਰਹਿਆ ਕਿਸੀ ਕਉ ਨਾ ਛਿਪਿਆ ਤਬ, ਓਹੁ ਕੈਸਾ ਬੈਸਨਉਸੁਚਿ ਕਰਮ ਤੇ ਹੋਇ ? ਜਿਉ ਜੋਰੂ ਕਉ ਪੁਹਪ ਆਏ ਅਰੁ ਓਹੁ ਨਾਇ ਕਰਿ ਸੀਗਾਰੁ ਲਾਇ ਬੈਠੀ ਤਉ ਕਿਆ ਓਹੁ ਸੂਚੀ ਹੂਈ ? ਨਾ, ਓਹੁ ਜੈਸੀ ਪ੍ਰਕਿਰਤਿ ਥੀ ਤੈਸੀ ਓਹੁ ਕਰਤੀ ਹੀ ਰਹੀ, ਜਬ ਪੁਹਪ ਥੇ ਤਬ ਹੀ ਓਹੁ ਬੇਕਾਰਿ, ਜਬ ਕਾਮ ਰੂਪ ਹੋਈ ਤਬ ਭੀ ਬੇਕਾਰਿ ਹੂਈ, ਸੂਚੀ ਤਉ ਨ ਹੋਈ। ਤਿਸ ਕੀ ਨਿਆਂਈ ਜੋ ਬਿਕਰਮੀ ਜੀਉ ਬਿਕਰਮ ਕਰਿ ਕਰਿ, ਨ੍ਹਾਇ ਕਰਿ ਕਰਿ ਦੁਆਦਸ ਟੀਕੇ ਪੂਜਾ ਲਾਗਾ ਕਰਨੇ ਤਉ ਕਿਛ ਸੂਚਾ ਨਾ ਹੂਆ, ਜੇ ਓਹੁ ਸੂਚਾ ਹੋਇਆ ਚਾਹੈ। ਨਾ ਓਹੁ ਸੂਚਾ ਦੇਹੀ ਧੋਈ ਨਾਹੀ ਸੂਚਾ ਹੋਤਾ। ਸੂਚਾ ਜਿ ਹੋਇ ਸਿ ਕਿਉ ਕਰਿ ਹੋਇ ? ਸੂਚਾ ਤਉ ਹੋਇ ਜਬ ਪਰਮੇਸੁਰ ਕੇ ਨਾਮਾਚਾਰ ਮਹਿ ਰਚੇ। ਸਚੇ ਮਨਿ ਹੋਇ ਕਰ ਤਉ ਸੂਚਾ ਹੋਇ, ਨਾਤਰ ਨਾ ਹੋਇ। ਭਾਵੈ ਅਨੇਕ ਅਨੇਕ ਵਾਰ ਅਵਰੁ ਜਤਨੁ ਕਰੈ ਤਾ ਬਿਨਾ ਗੋਬਿੰਦ ਸਿਮਰਨ ਤੇ ਸੂਚਾ ਨਾ ਹੋਇ। ਜਿਸ ਕੇ ਮਨਿ ਜੂਠੁ ਮੁਖੁ ਜੂਠਾ, ਦੇਹੀ ਸਾਸਿ ਗਿਰਾਸਿ ਸਭੁ ਜੂਠੋ ਜੂਠੁ ਹੀ ਬੋਲੈ, ਸਿ ਸਦਾ ਸਰਬਦਾ ਖੁਆਰੁ ਹੋਇ, ਸੁਖੁ ਨਾ ਪਵੈ ਜੂਠਾ। ਪਿੰਡੇ ਧੋਤੇ ਸੂਚਾ ਨਾਹੀ ਬਿਨਾ ਸਚ ਨਾਮ ਸਿਮਰੇ ਤੇ। ਏਹੁ ਜਿ ਤੁਸਾਂ ਰਸੋਈ ਕਰਨੇ ਲਾਇਆ ਹੈ, ਏਸ ਕਾ ਜੀਉ ਪਾਕੁ ਸੁਚਾ ਨਾਹੀ ਹੋਤਾ। ਕੋਈ ਸੋਈ ਲਾਇਅਹੁ ਜਿ ਜਿਸ ਕਾ ਮਨੁ ਸੂਚਾ ਹੋਇ"। ਤਬ ਉਨਹੁ ਕਹਿਆ ਜਿ, "ਸੁਨਿਹੋ ਭਾਈ ਰਾਮ ਕੇ ! ਤੂ ਆਉ ਰਸੋਈ ਕਰੁ। ਤੂ ਜਿ ਹੈ ਸਿ ਸਾਧ ਪੂਣ ਹੈ, ਤੂ ਆਉ ਰਸੋਈ ਲਾਗੁ"। ਤਬ ਗੁਰੂ ਬਾਬੇ ਕਹਿਆ ਜਿ, "ਜੀ, ਓਹੁ ਨਾ, ਕੋਈ ਹੋਰੁ ਰਸੋਈ ਲਾਵਹਿ"। ਤਬ ਉਨਹੁ ਪੰਡਿਤਹੁ ਅਵਰੁ ਆਨਿ ਰਸੋਈ ਲਗਾਇਆ। ਤਬ ਉਨਹੁ ਕਹਿਆ ਜਿ "ਜੀ ਓਹੁ ਸਾ ਸੁ ਮਨਹਿ ਕੀਆ ਹੈ, ਅਬ ਅਵਰੁ ਰਸੋਈ ਲਗਾਇਆ ਹੈ"। ਤਬ ਉਨ ਕਉ ਕਹਿਆ ਜਿ, "ਹੇ ਭਾਈ ਰਾਮ ਕੇ ! ਖਰਾ ਸੁਧੁ ਹੋਇ ਕਰਿ ਖਰੀ ਸੂਚ ਮਹਿ ਰਸੋਈ ਕਰੀਅਹੁ"। ਤਬ ਉਨਿ ਜਿਮੀ ਖੋਦਿ ਕਰਿ ਚਉਕਾ ਦੀਆ, ਲਕੜੀਆਂ ਧੋਇ ਕਰ ਚੜ੍ਹਾਈਆਂ। ਤਬ ਗੁਰੂ ਬਾਬੇ ਦੇਖਿ ਕਰਿ ਕਹਿਆ ਜੇ, "ਸੁਨਿ ਹੋ ਭਾਈ ਰਾਮ ਕੇ ! ਦਿਖਾ ਏਹਿ ਜਿ ਤੈ ਜਿਮੀ ਖੋਦੀ ਸਿ ਕਿਉ ਖੋਦਿ ਕੈ ਚਉਕਾ ਦੀਆ ? ਅਰੁ ਤੈ ਜਿ ਏਹੁ ਲਕੜੀਆਂ ਧੋਈਆ, ਧੋਇ ਕਰਿ ਚਉਕੇ ਚੜ੍ਹਾਈਆ ਸਿ ਕਉ ਚਉਕੇ ਚੜ੍ਹਾਈਆ ਹੈ ?" "ਜੀ, ਏਹੁ ਸੂਤਕ ਮਹਿ ਥੀਆਂ ਧਰਤੀ ਅਰੁ ਲਕੜੀਆਂ। ਜਬ ਓਹੁ ਖੋਦੀ ਲਕੜੀ ਧੋਈ ਤਬ ਓਹੁ ਸੂਤਕੁ ਉਤਰਿਆ"। ਤਬ ਉਤੁ ਪਰਥਾਇ ਗੁਰੂ ਬਾਬੇ ਨਾਨਕ ਜੀ ਏਹੁ ਸਲੋਕੁ ਕੀਆ :–

ਜੇਕਰਿ ਸੂਤਕੁ ਮੰਨੀਐ, ਸਭ ਤੈ ਸੂਤਕੁ ਹੋਇ ॥
ਗੋਹੇ ਅਤੈ ਲਕੜੀ, ਅੰਦਰਿ ਕੀੜਾ ਹੋਇ ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉਕਰਿ ਰਖੀਐ, ਸੂਤਕੁ ਪਵੈ ਰਸੋਇ ॥
ਨਾਨਕ ਸੂਤਕੁ ਏਵ ਨ ਉਤਰੈ, ਗਿਆਨ ਉਤਾਰੇ ਧੋਇ ॥੧॥

ਮਨ ਕਾ ਸੂਤਕੁ ਲੋਭੁ ਹੈ, ਜਿਹਬਾ ਸੂਤਕ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ ॥੧॥

ਤਿਸੁ ਕਾ ਪਰਮਾਰਥੁ:—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਿਹੋ ਪੁਰਖਾ ! ਜਬ ਤੁਮ ਸੂਤਕੁ ਕਹਿਆ ਤਬ ਸੂਤਕੁ ਸਭ ਤੇ ਹੋਤਾ ਹੈ, ਉਤਰਦਾ ਨਾਹੀ। ਧਰਤੀ ਖੋਦੀ ਅਰੁ ਲਕੜੀ ਧੋਈ, ਸੂਤਕੁ ਜਿ ਹੈ ਸਿ ਸਭਨੀ ਬਾਤੀ ਰਹਿਆ ਹੈ। ਨਿਕਲੈ ਸਿ ਕਿਉ ਕਰਿ ਨਿਕਲੈ ? ਗੋਹੇ ਅਰੁ ਲਕੜੀ ਜਿ ਰਸੋਈ ਮਹਿ ਬਲਦੇ ਹੈਨਿ ਤਿਨਾ ਮਾਹਿ ਅਸੰਖ ਜੀਵ ਜਲਦੇ ਹੈਨਿ ਉਨਕਾ ਸੂਤਕੁ ਪੜਿਆ। ਜਬ ਏਨਿ ਸੂਰਖਾ ਕਰੀ, ਤਉ ਕੀੜਿਆਂ ਕੀ ਰਖਿਆ ਕਰੀ ਚਾਹੀਐ। ਜਿਤਨੇ ਅੰਨ ਕੇ ਦਾਣੇ ਹੈ ਏਤਨੇ ਏਹੁ ਸਭ ਜੀਵ ਹੈ। ਏਹੁ ਭੀ ਤਉ ਮਰਤੇ ਹੈ ਜਿ ਅਗਿ ਮਹਿ ਜਲਾਈਤੇ ਹੈ। ਪਹਿਲਾ ਜਿਸੁ ਪਾਣੀ ਕਰਿ ਕਰਿ ਏਹੁ ਪਵਿਤ੍ਰੁ ਹੋਤਾ ਹੈ ਸੁ ਤਿਸੁ ਪਾਣੀ ਮਹਿ ਭੀ ਜੀਉ ਹੈ। ਜਿਸੁ ਪਾਣੀ ਕਰਿ ਕੈ ਸਭਿ ਜੀਵ ਹਰੇ ਹੋਤੇ ਹੈ ਅਰੁ ਜੀਵਤੇ ਹੈ ਸਿ ਉਸ ਹੀ ਕਉ ਜੁ ਤਪਾਵਤੇ ਹੈ। ਅਰੁ ਓਹ ਜਿ ਜਲ ਤਪੁ ਕਰਤਾ ਹੈ ਸਿ ਓਹੁ ਤਉ ਪਾਪੁ ਹੈ ਜਿ ਜੀਵ ਕਉ ਦੁਖੁ ਦੇਤਾ ਹੈ। ਸੋਈ ਪਾਣੀ ਅਰੁ ਅਨਾਜ ਰਸੋਈ ਪੜਿਆ ਸੂਤਕੁ,ਜਿ ਨਿਕਲੈ ਸੁ ਕਿਉ ਕਰਿ ਨਿਕਲੈ ? ਜਬ ਰਸੋਈ ਪੜਿਆ, ਹੋਰੁ ਉਪਾਉ ਕੋਈ ਨਾਹੀ ਨਿਕਲਣ ਕਾ। ਸੂਤਕੁ ਪੜਿਆ ਗਿਆਨਿ ਕਰਿ ਕਰਿ ਨਿਕਲੈ। ਸਿ ਕਿਉ ਕਰਿ ਨਿਕਲੈ ? ਬੇਦਿ ਤਉ ਸੂਤਕੁ ਬਾਹਿਆ ਗਿਆਨ ਕਰਿ ਕਰਿ ਨਿਕਲੈ ਸਿ ਕਿਉ ਕਰਿ ਨਿਕਲੈ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ, ਜਿ ਬੇਦੁ ਥਾਪਤਾ ਹੈ—'ਜਿ ਏਹੁ ਬਾਤ ਕੀਚੈ ਏਹੁ ਬਾਤ ਨਾ ਕੀਚੈ ਦੋਖੁ ਹੈ'। ਅਰੁ ਗਿਆਨੁ ਕਹਤਾ ਹੈ ਜਿ 'ਏਹੁ ਜਿ ਅਨਾਜੁ ਹੈ ਅਰੁ ਪਾਣੀ ਹੈ। ਸੁ ਏਹੁ ਸਭ ਜੀਅ ਕਾ ਜੀਉ ਹੈ, ਏਹੁ ਜੀਉ ਤਉ ਲਉ ਜੀਵਤਾ ਹੈ, ਜਬ ਲਗਿ ਏਹ ਪਹੁਚਤੇ ਹੈ। ਏਹਿ ਜਿ ਵਸਤੁ ਥਾਪੀ ਹੈ ਸ੍ਰੀ ਠਾਕੁਰ ਜੀ ਸੁ ਏਸ ਜੀਅ ਕੇ ਜੀਵਣ ਕਉ ਥਾਪੀ ਹੈ ਜੀ। ਏਸ ਕਉ ਹੁਕਮੁ ਹੈ ਸ੍ਰੀ ਠਾਕੁਰ ਜੀ ਕਾ ਜਿ ਖਾਹੁ ਏਹ ਰਸੋਈ ਕਰਿ ਕਰਿ, ਕਉ ਦੋਖੁ ਕੋਈ ਨਾਹੀ ਏਨੀ ਬਾਤੀ'। ਸੂਤਕੁ ਜਿਨੀ ਬਾਤੀ ਪੜਤਾ ਹੈ ਸਿ ਓਹਿ ਬਾਤਾ ਅਵਰੁ ਹੈਨਿ"। ਤਬ ਉਨਹੁ ਕਹਿਆ ਜਿ, "ਬਾਬਾ ਨਾਨਕ ਜੀ ! ਓਹਿ ਬਾਤਾ ਭੀ ਕਹੀਅਹਿ ਕਿ ਓਹਿ ਕਵਣੁ ਵਸਤੂ ਹੈਨਿ ਜਿਨੀ ਬਾਤੀ ਸੂਤਕੁ ਹੋਤਾ ਹੈ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਨਿਹੋ ਭਾਈ ਰਾਮ ਕੇ ਜੀ ! ਮਨ ਕਉ ਸੂਤਕੁ ਤਬ ਪੜਤਾ ਹੈ, ਜਬ ਏਸ ਮਨ ਕਉ ਲੋਭੁ ਪੜਿਆ, ਤਬ ਏਸ ਮਨ ਕਉ ਸੂਤਕੁ ਪੜਿਆ। ਜਬ ਏਨਿ ਜਿਹਬਾ ਤੇ ਝੂਠ ਬੋਲਿਆ, ਜਬ ਜਿਹਬਾ ਕਉ ਸੂਤਕੁ ਪੜਿਆ। ਜਾਂ ਏਨੀ ਅਖੀ ਭਰਿ ਬਿਰਾਨਾ ਧਨੁ, ਬਿਰਾਨੀ ਇਸਤ੍ਰੀ ਦੇਖੀ ਤਬ ਏਸ ਕੀ ਅਖੀ ਸੂਤਕੁ ਪੜਿਆ। ਤਬ ਏਨਿ ਕੰਨਿ ਪੜਿ ਕਰਿ ਬਿਰਾਨੀ ਲਾਇਤਬਾਰੀ ਖਾਇ ਤਉ ਏਸ ਕਉ ਕੰਨੀ ਸੂਤਕ ਪੜਿਆ। ਏਹੁ ਜਿ ਜੀਉ ਹੈ ਸਿ ਕੈਸਾ ਹੈ ? ਏਹੁ ਪਰਮੁ ਹੰਸੁ ਹੈ, ਪਣੁ ਏਨੀ ਕਰਮੀ ਬੰਧਿਆ ਹੈ ਤਬ ਏਹੁ ਨਰਕਿ ਗੈਆ। ਜਬ ਏਨਾ ਕਰਮਾ ਤੇ ਰਹਤੁ ਹੋਇ ਤਬ ਏਹੁ ਮੁਕਤਾ ਹੋਇ"। ਤਬ ਉਨਹੁ ਪੰਡਿਤਹੁ ਕਹਿਆ ਜਿ, ਗੁਰੂ ਬਾਬਾ ਨਾਨਕ ਜੀ ! ਏਹੁ ਕਰਮ ਕਰਤਾ ਹੈ ਸਿ ਕਰਾਏ ਕਰਤਾ ਹੈ ਕਿ ਆਪਿ ਥੀ ਕਰਤਾ ਹੈ ?" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਿਹੋ ਪੰਡਿਤ ਜੀ ! ਕਰਣ ਕਰਾਵਣਹਾਰੁ ਪਰਪੇਸਰੁ ਹੈ। ਉਚਾਪਤਿ ਏਸ ਕੀ ਤਾਂ ਲਿਖੀਤੀ ਹੈ ਜਾ ਏਹੁ ਉਠਾਵਣਾ ਪਹਿਲੇ ਉਠਾਵਤਾ ਹੈ ਪੀਛੈ ਉਚਾਪਤਿ ਲਿਖੀਤੀ ਹੈ। ਜਾ ਕਿਛੁ ਏਹੁ ਨੇਕੀਗਤਿ ਕਰਤਾ ਹੈ ਤਬ ਨੇਕੀ ਕਰਿ ਲਿਖੀਤੀ ਹੈ। ਨੇਕੀ ਭੀ ਇਸ ਹੀ ਕੀ ਹੈ ਜੇ ਕਿਛੁ ਸੁਕ੍ਰਿਤ ਕਰੈ, ਭਾਰੁ ਉਤਰੈ, ਭਲੀ ਗਤਿ ਲਿਖੀਐ। ਅਰੁ ਜੇ ਕਿਛੁ ਦੁਕ੍ਰਿਤ ਕਰਮ ਕਰੈ ਤਉ ਕਿਛੁ ਉਚਾ ਲਿਖੀਐ, ਇਸ ਹੀ ਕਾ ਕਮਾਇਆ ਆਇ ਇਸ ਹੀ ਕਉ ਪਹੁਚਤਾ ਹੈ"। ਤਬ ਉਨਹੁ ਪੰਡਿਤਹੁ ਕਹਿਆ ਜਿ, "ਬਾਬਾ ਨਾਨਕ ਜੀ ! ਜਬ ਏਹੁ ਮਨੁਖੁ ਕਿਛੁ ਭਲਿਆਈ ਕਰਤਾ ਹੈ ਤਬ ਕਰਤਾ ਹੈ ਜਿ ਮੈ ਕੀਆ। ਅਰੁ ਬੁਰਿਆਈ ਕਰਤਾ ਹੈ ਜਿ ਏਹੁ ਬਾਤ ਮੁਝ ਤੇ ਪਰਮੇਸੁਰ ਕਰਾਈ। ਏਹ ਬਾਤ ਕਿਉ ਕਰਿ ਹੈ ?" ਤਬ ਗੁਰੂ ਬਾਬੇ ਜੀ ਕਹਿਆ ਜਿ, "ਸੁਨਿਹੋ ਪੰਡਿਤਹੁ ! ਨਰਕਿ ਭੀ ਤਾਹੀ ਜਾਤਾ ਹੈ ਜਾ ਭਲੀ ਬਾਤ ਆਪਸ

ਤੇ ਜਾਣਤਾ ਹੈ ਅਰੁ ਬੁਰਿਆਈ ਕੀ ਬਾਤ ਠਾਕੁਰ ਕਉ ਦੇਤਾ ਹੈ। ਨਾ, ਜਬ ਐਸੇ ਘਰ ਮਹਿ ਰਹੈ : ਜਿ ਨਾ ਹਮਾਰੇ ਹਾਥਿ ਭਲਾ ਹੀ ਹੋਤਾ ਹੈ, ਨਾ ਹਮਾਰਾ ਕੀਆ ਬੁਰਾ ਹੋਤਾ ਹੈ, ਜੋ ਕਿਛੁ ਕਰੈ ਸੁ ਆਪਿ, ਤਬ ਏਸੁ ਕਉ ਕੋਈ ਦੁਖੁਨਾ ਲਾਗੈ"। ਬੋਲਹੁ ਭਾਈ ਜੀ ਸ੍ਰੀ ਰਾਮ ਕ੍ਰਿਸ਼ਨ ਵਾਹੁਗੁਰੂ। ਤਬ ਓਹਿ ਪੰਡਿਤ ਉਠਿ ਬਾਬੇ ਜੀ ਕੀ ਚਰਨੀ ਲਾਗੈ, ਗੁਰੂ ਬਾਬੇ ਨਾਨਕ ਜੀ ਕੇ ਸਿਖਿ ਭਏ, ਗੁਰੂ ਗੁਰੂ ਲਾਗੇ ਜਪਣੇ। ਬੋਲਹੁ ਵਾਹੁਗੁਰੂ, ਧੰਨ ਗੁਰੂ ਸਤਿਗੁਰੂ।

ਸਲੋਕੁ ॥

ਜੋ ਜਾਨੈ ਕਿਛੁ ਮੈ ਕੀਆ, ਬੁਰਾ ਭਲਾ ਦੁਇ ਥਾਪਿ ॥
ਹਰਿ ਹਰਿ ਸਿਮਰਨਿ ਮਨੁ ਲਾਇ, ਹਉਮੈ ਜਾਇ ਬਿਆਪਿ ॥
ਨਾਨਕ ਦਾਸ ਹੰਉਮੈ ਛੁਟੈ ਸਤਿਗੁਰੂ ਕੇ ਪਰਤਾਪਿ ॥ ੧ ॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨ ਗੁਰੂ ਸਤਿਗੁਰੂ, ਰਾਮ ਸਤਿ, ਗੁਰੂ ਸਤਿ, ਸਤਿਨਾਮ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੪੫ ॥

# (ੲ) ਸ੍ਰੀ ਗੁਰੂ ਨਾਨਕ ਦੇਵ ਜੀ ਬਨਾਰਸ ਵਿਚ

ਗੋਸਟਿ ਗੁਰੂ ਬਾਬਾ ਨਾਨਕ ਜੀ ਕੀ (ਗੋਬਿੰਦ ਲੋਕਾਂ ਨਾਲ)

ਤਬ ਏਕਿ ਦਿਨ ਗੁਰੂ ਬਾਬਾ ਨਾਨਕ ਜੀ ਪੂਰਬ ਕੀ ਧਰਤੀ ਨਗਰਿ ਬੰਨਾਰਸੀ ਥਾ। ਅਰੁ ਏਕ ਗੋਬਿੰਦ ਲੋਕ ਗੁਰੂ ਬਾਬੇ ਪਹਿ ਆਏ। ਆਇ ਕਰਿ ਉਨਹੁ ਕਹਿਆ ਜਿ, "ਰਾਮ ਰਾਮ ਬਾਬਾ ਨਾਨਕ ਜੀ ! ਰਾਮ ਰਾਮ !" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸਤਿ ਰਾਜਾ ਰਾਮੁ, ਕਰਣ ਕਾਰਣੁ ਸਮਰਥ ਰਾਮੁ, ਆਵਹੁ ਜੀ, ਬਲਿਹਾਰ ਜਾਉ, ਆਈਐ ਜੀ, ਬੈਠੀਐ ਜੀ"। ਤਬ ਓਹ ਗੋਬਿੰਦ ਲੋਕ ਨਮਸਕਾਰੁ ਕਰਿ ਕਰਿ ਬੈਠਿ ਗਏ। ਤਬ ਘੜੀ ਏਕ ਸਸਤਾਇ ਕਰਿ ਉਨਹੁ ਬੇਨਤੀ ਕਰੀ ਜਿ, "ਬਾਬਾ ਨਾਨਕ ਜੀ, ਏਕ ਬੇਨਤੀ ਹੈ ,ਜੀ ਜੇ ਆਗਿਆ ਹੋਇ ਤਉ ਕਹਹਿ ? ਤਬ ਗੁਰੂ ਬਾਬੇ ਜੀ ਕਹਿਆ ਜਿ, "ਭਲਾ ਹੋਇ ਜੀ, ਜਿ ਕਿਛੁ ਤੁਮਰੈ ਜੀ ਹੈ ਸੁ ਕਹੀਐ"। ਤਬ ਉਨਹੁ ਬੇਨਤੀ ਕਰੀ ਜਿ, "ਬਾਬਾ ਜੀ ! ਬਲਿਹਾਰਿ ਜਾਉ, ਕਿਵੇ ਹੀ ਏਹੁ ਜਮਕਾਲ ਤੇ ਬਾਂਚੀਐ ਭੀ ? ਤੁਮਹੁ ਸਾਧਹੁ ਕੈ ਬਚਨਿ ਕਰਿ ਕਰਿ ਕਿਵੇ ਹੀ ਏਹੁ ਜਮਕਾਲ ਛੁਟੈ ਭੀ ? ਸੋ ਭੀ ਕੋਈ ਕਿਛੁ ਉਪਾਉ ਹੈ ਜਿ ਏਸ ਕਾ ਜਨਮੁ ਸਵਰੈ ਅਰੁ ਜਮਕਾਲ ਤੇ ਛੁਟੈ ?"

ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਭੈਰਉ ਰਾਗ ਮਹਿ ਜਿ :–

ਨੈਨੀ ਦ੍ਰਿਸਟਿ ਨਹੀ ਤਨੁ ਹੀਨਾ, ਜਰਿ ਜੀਤਿਆ ਸਿਰਿ ਕਾਲੋ ॥
ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥੧॥
ਪ੍ਰਾਣੀ ਹਰਿ ਜਪਿ ਜਨਮੁ ਗਇਓ ॥
ਸਾਦ ਸਬਦ ਬਿਨੁ ਕਬਹੂ ਨ ਛੂਟਸਿ, ਬਿਰਥਾ ਜਨਮੁ ਭਇਓ ॥੧॥ਰਹਾਉ॥

ਤਿਸੁ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਨਿਹੋ ਪੁਰਖਹੁ ਰਾਮ ਜਨਹੁ ਜੀ ! ਤਨ ਮਹਿ ਜਿ ਏਸ ਕੈ ਕਾਮੁ ਹੈ: ਅਰੁ ਕ੍ਰੋਧੁ ਹੈ, ਅਰੁ ਲੋਭੁ ਹੈ, ਅਰੁ ਮੋਹੁ ਹੈ, ਅਰੁ ਅਹੰਕਾਰੁ ਹੈ, ਅਰੁ ਮਮਤਾ ਮਾਇਆ ਹੈ ਸਿ ਏਹ ਕਠਨ ਪੀਰ ਹੈ ਕਾਟੀ ਨਹੀ ਜਾਤੀ। ਇਸੁ ਪੀਰ ਕਰਿ ਕਰਿ ਏਸ ਜੀਅ ਕਉ ਜਰ ਅਰੁ ਜਮੁ ਆਇ ਲਾਗਹਿਗੇ। ਤਿਸੁ

ਪੀਰ ਕਾ ਦਾਰੂ ਰਾਮੁ ਨਾਮੁ ਹੈ, ਜੇ ਪ੍ਰੀਤਿ ਕਰਿ ਕਰਿ ਸਿਮਰੈ, ਤਉ ਏਹੁ ਉਧਰੈ। ਨਾਤਰ ਏਹੁ ਏਨੀ ਪੀੜੀ ਵੇੜਿਆ ਏਸ ਕਉ ਜਮੁ ਵੇੜਿ ਲਏਗਾ। ਤਉ ਛੁਟੈ ਜੇ ਸ੍ਰੀ ਰਾਮੁ ਨਾਮੁ ਸਿਮਰੈ, ਗੁਰੂ ਕਉ ਮਿਲਿ ਕਰਿ। ਤਬ ਹੀ ਏਹੁ ਛੁਟੈ ਅਰੁ ਮੁਕਤਾ ਹੋਇ।" ਬੋਲਹੁ ਭਾਈ ਸ੍ਰੀ ਰਾਮੁ ਕ੍ਰਿਸਨ ਵਾਹੁਗੁਰੂ ਸਚਾ।

ਤਬ ਉਨਹੁ ਬੇਨਤੀ ਕਰੀ ਜਿ, "ਬਾਬਾ ਨਾਨਕ ਜੀ ! ਬਲਿਹਾਰਿ ਜਾਉ, ਬਾਬਾ ਜੀ ! ਦਿਖਾ ਏਹਿ ਜਿ ਬੈਸਨੋ ਕਹਾਵਤੇ ਹੈ ਅਰੁ ਰਾਮ ਰਾਮ ਕਰਤੇ ਹੈ, ਅਰੁ ਗੁਰੂ ਨਾਹੀ ਕੀਆ, ਗੁਰਮਤਿ ਨਾਹੀ ਚਲੈ, ਏਹਿ ਭੀ ਜੂਨੀ ਪੜਹਿਗੇ ?" ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :–

ਬਹਰੇ ਕਰਨ ਅਕਲਿ ਭਈ ਹੋਛੀ, ਸਬਦ ਸਹਜੁ ਨਹੀ ਬੂਝਿਆ ॥
ਜਨਮੁ ਪਦਾਰਥੁ ਮਨਮੁਖਿ ਹਾਰਿਆ, ਬਿਨੁ ਗੁਰ ਅੰਧੁ ਨ ਸੂਝਿਆ ॥੩॥

ਤਿਸੁ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੇ, "ਸੁਨਿਹੋ ਭਾਈ ਰਾਮ ਜਨਹੁ ਜੀ ! ਇਕਿ ਜਿ ਜੀਵ ਹੈ ਸਿ ਕਾਂਨਹੁ ਤੇ ਡੋਰੇ ਹੈ ਅਰੁ ਮਤਿ ਕੇ ਹੀਣੇ ਹੈ, ਸਬਦ ਕੈ ਬੀਚਾਰਿ ਨਾਹੀ ਚਲਤੇ, ਮਨ ਕੈ ਬੀਚਾਰਿ ਚਲਤੇ ਹੈ, ਉਨਹੁ ਮਨ ਮੁਖਹੁ ਆਪਣਾ ਜਨਮੁ ਹਾਰਿਆ ਹੈ। ਏਹੁ ਦੁਲੰਭੁ ਰਤਨੁ ਜਨਮੁ ਥਾ, ਪਣੁ ਗੁਰੂ ਮਿਲੇ ਬਿਨਾ ਉਨਾ ਜਨਮੁ ਹਾਰਿਆ। ਗੁਰੂ ਕਉ ਮਿਲਿ ਕਰਿ ਉਨਹੁ ਸੋਝੀ ਨਾ ਲੀਨੀ ਜਿ ਇਉ ਕਰਿ ਕਰਿ ਨਾਮੁ ਸਿਮਰੀਤਾ ਹੈ। ਓਹਿ ਗੁਰੂ ਕਉ ਮਿਲਤੇ ਤਉ ਗੁਰੂ ਉਨਾ ਕਉ ਸੁਮਤਿ ਦਿੜਾਇ ਦੇਤਾ, ਤਾ ਓਹਿ ਉਧਰਤੇ। ਗੁਰੂ ਬਿਨਾ ਉਨ ਕਾ ਜਨਮੁ ਅਕਾਰਥਾ ਗੈਆ, ਉਨਾ ਕਉ ਸੋਝੀ ਪੜੀਆ ਨਾਹੀ, ਮੁਗਧਿ ਹੀ ਜਨਮੁ ਗਇਆ"। ਬੋਲਹੁ ਭਾਈ ਜੀ ਵਾਹੁਗੁਰੂ।

ਤਬ ਉਨਹੁ ਗੋਬਿੰਦ ਲੋਕਹੁ ਕਹਿਆ ਜਿ, "ਬਾਬਾ ਨਾਨਕ ਜੀ ! ਬਲਿਹਾਰ ਜਾਉ ! ਗੁਰੂ ਬਾਬਾ ਨਾਨਕ ਜੀ ! ਦਿਖਾ, ਏਹੁ ਜਿ ਗੁਰੂ ਕਉ ਮਿਲਿ ਕਰਿ ਨਾਮੁ ਅਰਾਧਤਾ ਹੈ ਸਿ ਏਸ ਕੀ ਕਵਣ ਭਾਤਿ ਹੈ ? ਓਹਿ ਕਿਸੁ ਜੁਗਤਿ ਕਰਿ ਕਰਿ ਭਗਤਿ ਕਰਤੇ ਹੋ ਜਿ ਗੁਰਮੁਖਿ ਹੋਤੇ ਹੈ ?" ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :–

ਰਹੇ ਉਦਾਸੁ ਆਸ ਨਿਰਾਸਾ, ਸਹਜ ਧਿਆਨ ਬੈਰਾਗੀ ॥
ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ, ਰਾਮ ਨਾਮਿ ਲਿਵ ਲਾਗੀ ॥੪॥੨॥੩॥

ਤਿਸੁ ਕਾ ਪਰਮਾਰਥੁ :–

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਨਿਹੋ ਭਾਈ ਰਾਮ ਜਨਹੁ ! ਜ਼ਿਨ ਕਉ ਗੁਰੂ ਮਿਲਤਾ ਹੈ ਪੂਰਾ ਤਿਨਕਾ ਮਨੁ ਗੁਰੂ ਕੇ ਉਪਦੇਸਿ ਕਰਿ ਕਰਿ ਉਦਾਸੁ ਹੋਇ ਜਾਤਾ ਹੈ। ਅਰੁ ਜਿ ਕਾਈ ਆਸਾ ਮਨੁ ਕਿਸੀ ਬਾਤ ਕੀ ਰਖਤਾ ਹੈ ਤਿਸ ਤੀ ਮਨੁ ਨਿਰਾਸੁ ਹੋਤਾ ਹੈ ਗੁਰੂ ਕਉ ਮਿਲਿ ਕਰਿ। ਉਸ ਕੈ ਅੰਤਰਿ ਸਹਜੁ ਪਰਮੇਸਰੁ ਕਾ ਉਪਜਤਾ ਹੈ। ਅਰੁ ਧਿਆਨੁ ਪਰਮੇਸੁਰ ਸਉ ਲਗਾਵਤਾ ਹੈ। ਓਹੁ ਸਹਜ ਬੇਰਾਗੀ ਹੋਤਾ ਹੈ। ਗੁਰੂ ਕਉ ਮਿਲਿ ਕਰਿ ਉਸ ਕੀ ਚਿੰਤਾ ਮਿਟਿ ਜਾਤੀ ਹੈ। ਨਾ ਆਏ ਕਾ ਹਰਖੁ, ਨਾ ਗਏ ਕਾ ਸੋਗੁ। ਤਿਸ ਕਉ ਕਹੀਐ ਜਿ ਏਹੁ ਸਹਜਿ ਬੈਰਾਗੀ ਹੈ। ਏਸੁ ਕਉ ਗੁਰੂ ਮਿਲਿਆ ਹੈ, ਓਹੁ ਐਸਾ ਹੂਆ ਤਬ ਉਹੁ ਗੁਰਮੁਖੁ ਹੂਆ। ਉਸ ਕੀ ਰਾਮ ਨਾਮ ਸਾਥਿ ਲਿਵ ਲਾਗੀ। ਜਿ ਕੋਈ ਉਸ ਕਉ ਦੇਖੈ ਸੁ ਨਿਹਾਲੁ ਹੋਇ। ਉਹੁ ਆਪਿ ਭੀ ਮੁਕਤਾ ਜਗਤੁ ਕਉ ਭੀ ਨਿਹਾਲੁ ਕਰੇ" ਬੋਲਹੁ ਭਾਈ ਸ੍ਰੀ ਰਾਮ ਕ੍ਰਿਸਨ ਵਾਹੁਗੁਰੂ।

ਤਬ ਓਹਿ ਗੋਬਿੰਦ ਲੋਕ ਉਠਿ ਗੁਰੂ ਬਾਬੇ ਜੀ ਕੀ ਚਰਨੀ ਲਾਗੇ। ਉਨਹੁ ਕਹਿਆ ਜਿ, "ਗੁਰੂ ਬਾਬਾ

ਨਾਨਕ ਜੀ ! ਬਲਿਹਾਰ ਜਾਉ ਬਾਬਾ ਜੀ ! ਸਿ ਗੁਰੂ ਭੀ ਤੂ ਹੈ ਅਰੁ ਪਰਮੇਸੁਰ ਭੀ ਤੂ ਹੈ। ਬਾਬਾ ਜੀ ! ਅਬ ਹਮ ਤੇਰੀ ਸਰਣਿ ਪੜੇ ਹੈ, ਜਿਉ ਜਾਣਹਿ ਤਿਉ ਲਜਾ ਰਾਖਹੁ, ਹਮ ਕਉ ਜਮ ਸਾਸਨਾ ਤੇ ਰਖਿ ਲੇਹੁ। ਜੀ, ਤੇਰੀ ਸਰਨਿ ਹੈਂ ਜੀ"। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਪੁਰਖਾ ! ਤੁਮ ਗੋਬਿੰਦ ਸਿਮਰਣੁ ਕਰਹੁ, ਠਾਕੁਰੁ ਤੁਮਾਰਾ ਭਲਾ ਕਰੇਗਾ"। ਤਬ ਓਹਿ ਗੁਰੂ ਜੀ ਕੀ ਚਰਨੀ ਲਾਗੇ, ਗੁਰੂ ਕੇ ਸਿਖ ਭਏ, ਗੁਰੂ ਗੁਰੂ ਲਾਗੇ ਸਿਮਰਣੇ। ਨਾਨਕ ਪੰਥੀ ਭਏ। ਕਹਣੇ ਲਾਗੇ, "ਵਾਹਗੁਰੂ, ਸਤਿਗੁਰੂ"।

ਸਲੋਕੁ ॥

ਰਹੈ ਨਿਰਾਸਾ ਆਸ ਤੇ, ਗੁਰਮੁਖਿ ਕੀ ਏਹਿ ਚਾਲ ॥<br>
ਪੰਚ ਦੂਤ ਮਮਤਾ ਜਿਣਹਿ, ਤੇ ਨਾਨਕ ਸਦਾ ਨਿਹਾਲੁ ॥੧॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨ ਗੁਰੂ, ਸਤਿਗੁਰੂ। ਰਾਮ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥੪੬॥

# (ਸ) ਗੁਰੂ ਨਾਨਕ ਦੇਵ ਜੀ ਬਨਾਰਸ ਵਿਚ

### ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਬਨਾਰਸ ਦੇ ਲੋਕਾਂ ਨਾਲ)

ਤਬ ਬਨਾਰਸੀ ਮਹਿ ਧੁੰਮ ਪੜੀ ਜਿ, "ਭਾਈ ਬਡਾ ਮਹਾ ਪੁਰਖੁ ਬਾਬਾ ਨਾਨਕੁ ਜੀ ਆਇਆ ਹੈ ਜਿਸ ਕੇ ਬੰਨਾਰਸੀ ਕੇ ਪੰਡਿਤ ਸਿਖ ਹੋਏ। ਸਿ ਧੰਨਿ ਬਾਬਾ ਨਾਨਕੁ !" ਤਬ ਜਿਤਨੇ ਲੋਕ ਥੇ ਬੰਨਾਰਸੀ ਕੇ ਸਭਿ ਭੈ ਚਕ੍ਰਿਤ ਰਹੇ 'ਜਿ, ਬਾਬਾ ਨਾਨਕੁ ਈਉ ਕਹਦਾ ਹੈ, ਬੇਦੁ ਈਉ ਕਹਦਾ ਹੈ। ਕਬਹੁ ਬੇਦੁ ਅਵਰੁ ਹੋਇ ਅਰੁ ਗਿਆਨ ਅਵਰੁ ਹੋਇ। ਕਬਹੂ ਇਉ ਭੀ ਹੋਵੈ'। ਈਹਾਂ ਭੀ ਭਰਮਿ ਗਏ ਲੋਗ। ਤਬ ਮਿਲਿ ਕਰਿ ਬਾਬੇ ਨਾਨਕ ਪਹਿ ਆਏ, "ਬਾਬਾ ਨਾਨਕ ਜੀ ! ਰਾਮ ਰਾਮ"। ਬਾਬੇ ਜੀ ਕਹਿਆ ਜਿ, "ਸਤਿ ਰਾਜਾ ਰਾਮੁ ! ਆਵਹੁ ਜੀ !" ਤਬ ਉਨਹੁ ਕਹਿਆ ਜਿ; "ਬਾਬਾ ਨਾਨਕ ਜੀ ! ਹਮਰੈ ਜੀ ਮਹਿ ਭਰਮੁ ਪੜਿ ਗਇਆ ਹੈ, ਜਿਨਿ ਜਿਨਿ ਆਗੈ ਕਿਛੁ ਕੀਆ ਸਾ ਸਭਿ ਭਰਮਿ ਗਏ, ਜਿ ਹਮਿ ਪੀਛੈ ਕੀਆ ਸਿ ਕਿਛੁ ਨਾਹੀ। ਅਗੈ ਭੀ ਏਹਿ ਬੇਦ ਕੀ ਚਾਲ ਨਾਹੀ ਚਲਤੇ, ਜਿ ਬਾਬੇ ਨਾਨਕ ਕਿਛੁ ਅਵਰ ਬਾਤ ਕਹੀ ਹੈ ਗਿਆਨ ਕੀ ਅਰੁ ਬੇਦ ਮਹਿ ਕਿਛੁ ਅਵਰੁ ਹੈ। ਇਸੁ ਮਹਿ ਸਹੀ ਨਾਹੀ ਉਸੁ ਬਾਬੇ ਨਾਨਕ ਕੀ ਸਾਖੀ ਮਹਿ ਕਹਤੇ ਹੈ"। ਤਬ ਗੁਰੂ ਬਾਬੇ ਨਾਨਕ ਜੀ ਪਹਿ ਉਨਹੁ ਬੇਨਤੀ ਕਰੀ ਜਿ, "ਏ ਬਾਬਾ ਨਾਨਕ ਜੀ ! ਅਕੈ ਗਿਆਨੁ ਅਰੁ ਬੇਦੁ ਮਿਲਾਇ ਦੇਹਿ, ਅਕੈ ਜੁਦਾ ਜੁਦਾ ਕਰਿ ਦੇਹਿ। ਏਕੁ ਸਹੀ ਕਰਿ ਦੇਹਿ ਏਨਾ ਦੁਹੁ ਮਾਹਿ ਥੀ"। ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ :–

ਸਲੋਕੁ ਬੇਦੁ ਪੁਕਾਰੇ ਪੁੰਨ ਪਾਪੁ ਸੁਰਗ ਨਰਕ ਕਾ ਬੀਉ ॥<br>
ਜੋ ਬੀਜੈ ਸੋ ਉਗਵੈ, ਖਾਂਦਾ ਜਾਣੈ ਜੀਉ ॥<br>
ਗਿਆਨੁ ਸਲਾਹੇ ਵਡਾ ਕਰਿ, ਸਚੋ ਸਚਾ ਨਾਉ ॥<br>
ਸਚੁ ਬੀਜੈ ਸਚੁ ਉਗਵੈ, ਦਰਗਹ ਪਾਈਐ ਥਾਉ ॥<br>
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥<br>
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥੧॥

ਤਿਸੁ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਨਿਹੋ ਭਾਈ ਰਾਮ ਜਨਹੁ ! ਬੇਦੁ ਜਿ ਹੈ ਸਿ ਪੁੰਨ ਅਰੁ ਪਾਪੁ ਪੁਕਾਰਤਾ ਹੈ। ਰੇ ਭਾਈ ਲੋਕਹੁ ! ਪਾਪ ਨਰਕ ਕਾ ਬੀਉ ਹੈ। ਪੁੰਨ ਜਿ ਹੈ ਸਿ ਸੁਰਗ ਕਾ ਬੀਉ ਹੈ। ਅਰੁ ਜਿ ਪਾਪੁ ਕਰੈ ਸਿ ਨਰਕਪਾਤੀ ਹੋਇ, ਨਰਕ ਮਹਿ ਦੁਖ ਪਾਵੈ। ਅਰੁ ਜਿ ਪੁੰਨ ਕਰੈ ਸਿ ਸੁਰਗਵਾਸੀ ਹੋਇ। ਸੁਰਗ ਮਹਿ ਸੁਖ ਪਾਵੈ। ਨਰਕ ਅਰੁ ਸੁਰਗ ਕੀ ਮਹਮਾ ਤਬ ਹੀ ਜਾਣੈਗਾ ਏਹ ਜੀਉ ਜਬ ਓਹਿ ਫਲ ਲਗਹਿਗੇ, ਓਹਿ ਫਲ ਭੁੰਚੈਗਾ। ਤਬ ਜਾਣੈਗਾ ਜਿ ਏਹੁ ਕਮਾਇਆ ਐਸਾ ਹੈ। ਬੇਦ ਅਰੁ ਗਿਆਨ ਜਬ ਦੋਵੈ ਹੋਹਿ ਤਬ ਏਸ ਜੀਅ ਕਾ ਉਧਾਰ ਹੋਇ। ਬੇਦ ਧਰਮ ਬਤਾਵਤਾ ਹੈ ਅਰ ਗਿਆਨ ਭਗਤਿ ਕਰਾਵਤਾ ਹੈ। ਗਿਆਨ ਕਹਤਾ ਹੈ ਜਿ 'ਵਡਾ ਪਰਮੇਸੁਰ, ਵਾਹੁ ਵਾਹੁ ਧੰਨਿ ਪਰਮੇਸੁਰ।' ਗਿਆਨ ਜਿ ਕਹਤਾ ਹੈ ਸਿ ਸਚੋ ਹੀ ਸਚੁ ਕਹਤਾ ਹੈ। 'ਸਿ ਸਚੁ ਪਰਮੇਸੁਰ ਤੇਰਾ ਨਾਉ ਸਚੁ ਹੈ, ਸਚਾ ਪਰਮੇਸੁਰ' ਜਾ, ਸਚੈ ਮਨਿ ਹੋਇ ਕਰਿ ਸਚੈ ਨੋ ਸਿਮਰੈ, ਸਚੇ ਹੀ ਕਰਮ ਕਰੈ, ਸਚੁ ਹੀ ਬੀਜੈ, ਤਾਂ ਸਚੋ ਹੀ ਹੋਇ ਉਗਵੈ, ਤਾਂ ਦਰਗਹ ਮਹਿ ਸਚਾ ਹੋਇ। ਸਚੁ ਖੰਡ ਕੋ ਬਾਸੀ ਹੋਇ ਜਬ ਸਚ ਕਉ ਸਲਾਹੈ। ਬੇਦ ਜਿ ਹੈ ਸਿ ਬੈਪਾਰੀ ਹੈ ਅਰ ਗਿਆਨ ਜਿ ਹੈ ਸਿ ਰਾਸਿ ਹੈ। ਜਬ ਬੈਪਾਰੀ ਪਹਿ ਰਾਸਿ ਹੋਇ ਤਬ ਲਦਿ ਕਰਿ ਖੇਪ ਜਾਇ ਲਾਹਾ ਪਾਵੈ। ਜਬ ਬੈਪਾਰੀ ਹੋਇ ਅਰ ਰਾਸਿ ਨਾ ਹੋਇ ਤਉ ਕਿਸੁ ਕਾਮਿ ਰਾਸਿ ਬਿਨਾ ਬੈਪਾਰੀ। ਬੇਦ ਪਰਕਿਰਤਿ ਭੀ ਕਮਾਵੈ ਅਰ ਪੁੰਨ ਦਾਨ ਭੀ ਕਰੈ ਅਰ ਪਾਰਬ੍ਰਹਮ ਕੇ ਸਿਮਰਣ ਮਹਿ ਭੀ ਰਹੈ ਤਾ ਪਰਮੇਸੁਰ ਕਉ ਪਾਵੈ। ਸਿਮਰਣ ਬਿਨਾ ਥਾਂਇ ਕਿਛੁ ਨਾਹੀ ਪੜਤਾ। ਰੇ ਭਾਈ ਰਾਮ ਜਨਹੁ ! ਬੇਦ ਕੀ ਚਾਲ ਚਲਹੁ ਅਰ ਸਿਮਰਣ ਕਰਹੁ"। ਤਬ ਉਨਹੁ ਕਹਿਆ ਜਿ, "ਬਾਬਾ ਜੀ ! ਸਿ ਕਵਣ ਸਿਮਰਣ ਜਿ ਕੀਜੀਐ ?" ਕਹੈ, "ਪੁਰਖਾ ! ਸਿਮਰਣ ਉਹੀ ਜਿ ਭਗਤੀ ਜਸ ਕੀਆ ਹੈ ਪਰਮੇਸੁਰ ਕਾ,ਸੋਈ ਤੁਮ ਗਾਵਹੁ। ਬੇਦ ਕੀ ਚਾਲਿ ਚਲਹੁ, ਪਰਮੇਸੁਰ ਕਾ ਸਿਮਰਣ ਕਰਹੁ"। ਤਬ ਸ੍ਰੀ ਨਾਮੇ ਕਬੀਰ ਰਵਿਦਾਸ ਕੇ ਪਦੇ, ਬਾਬੇ ਜੀਕੀ ਬਾਣੀ ਸੈਨ, ਬੇਣੀ ਕੀ ਬਾਣੀ ਲਾਗੈ ਗਾਵਣੈ, ਪ੍ਰੇਮਿ ਕਰਿ ਕਰਿ। ਸਭਿ ਬਾਬੇ ਜੀ ਕੇ ਸਿਖ ਭਏ। ਵਾਹਿਗੁਰੂ, ਧੰਨ ਗੁਰੂ।

ਕਰਮ ਧਰਮ ਕਰਿ ਨਾਮੁ ਜਪਿ, ਸਾਚ ਸਬਦ ਕੀ ਰਾਸਿ।
ਜਿਨੀ ਲਦੀ ਖੇਪ ਏਹ, ਦਾਸ ਨਾਨਕ ਦਰਿ ਸਾਬਾਸਿ ॥੧॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨ ਗੁਰੂ, ਸਤਿਗੁਰੂ। ਰਾਮ ਸਤਿ, ਗੁਰੂ ਸਤਿ, ਸਤਿਨਾਮੁ ਕਰਤਾ ਪੁਰਖੁ, ਸਤਿਗੁਰੂ ਪਰਸਾਦਿ।।੪੭।।

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਜੀ ਦੇ ਦਮਦਮੇ ਅਸਥਾਨ ਮਨਸੂਰਾਂ ਵਿਚ ਦਰਸ਼ਨੀ ਡਿਉਢੀ ਦੀ ਆਲੀਸ਼ਾਨ ਇਮਾਰਤ ਦੀ ਉਸਾਰੀ ਸ਼ੁਰੂ ਹੈ। ਭਾਗਾਂ ਵਾਲੇ ਸੇਵਾ ਵਿਚ ਹਿਸਾ ਪਾ ਕੇ ਜਨਮ ਸਵਾਰਨ।

# ਰਾਜਾ ਜੋਗੀ

ਅਰਥਾਤ ਜੀਵਨ ਕਥਾ

# ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ

[ਵਲੋਂ ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਗਾ]

(ਪਿਛੋਂ ਤੋਂ ਅਗੇ)

## ਦੀਵਾਨੀ ਸਰਵਰੀਏ ਨੂੰ ਸਿੱਖ ਬਣਾਇਆ

ਕਿਸੇ ਥਾਂਉਂ ਦੀ ਸੰਗਤ ਨਾਲ ਇਕ ਵੇਰੀ 'ਦੀਵਾਨੀ' ਨਾਮ ਕਲਾਲ ਵੀ ਆਪਣੀ ਧਰਮ ਪਤਨੀ ਸਮੇਤ ਸ੍ਰੀ ਅਨੰਦਪੁਰ ਆਇਆ। ਗੁਰ ਅਸਥਾਨਾਂ ਦੀ ਯਾਤਰਾ ਤੋਂ ਉਪਰੰਤ ਇਨ੍ਹਾ ਨੇ ਬਾਬਾ ਜੀ ਦੇ ਦਰਸ਼ਨ ਕੀਤੇ, ਤੇ ਅਮੋਲਕ ਉਪਦੇਸ਼ ਸੁਣਿਆ ! ਪਰ ਦੀਵਾਨੀ ਦਾ ਮੁਖੜਾ ਮੁਰਝਾਇਆ ਦੇਖ ਕੇ ਬਾਬਾ ਜੀ ਨੇ ਕਾਰਣ ਪੁਛਿਆ ? ਉਸ ਨੇ ਆਖਿਆ–ਮਹਾਰਾਜ ! ਨਿਪੁਤਿਆਂ ਦੇ ਮੁਖੜੇ ਇਸੇ ਤਰ੍ਹਾਂ ਉਦਾਸ ਰਹਿੰਦੇ ਹਨ। ਮਨ ਵਿਚ ਖੇੜਾ ਨ ਹੋਵੇ, ਤਾਂ ਮਸਤਕ ਕਿਵੇਂ ਖਿੜਿਆ ਪ੍ਰਤੀਤ ਹੋਵੇ ? ਮੈਂ ਨਿਪੁੱਤਾਂ ਹਾਂ। ਸਖੀ ਸਰਵਰ ਦੀ ਸੇਵਾ ਵਿਚ ਉਮਰਾਂ ਬਿਤਾ ਦਿਤੀ, ਉਥੋਂ ਵੀ ਮੇਵਾ ਨਹੀਂ ਮਿਲਿਆ। ਹੁਣ ਕੋਈ ਆਪ ਜੈਸਾ ਮਹਾਂ ਪੁਰਸ਼ ਹੀ ਆਪਣੀ ਅਸੀਸ ਦਵਾਰੇ ਸੰਸਾਰ ਨਾਲ ਗੰਢ ਪਾ ਸਕਦਾ ਹੈ ? ਨਹੀਂ ਤਾਂ ਕਠਨ ਹੈ।

ਦੀਵਾਨੀ ਦੇ ਦੁੱਖ ਭਰੇ ਬਚਨ ਸੁਣ ਕੇ ਬਾਬਾ ਜੀ ਨੇ ਧੀਰਜ ਦਿੰਦੇ ਹੋਏ ਫੁਰਮਾਇਆ–ਪ੍ਰੇਮੀਆਂ ! ਸਖੀ ਸਰਵਰ ਨੂੰ ਲੋਕੀਂ ਸਰੋਵਰ ਦੀ ਤਰ੍ਹਾਂ ਸਮਝਦੇ ਹਨ, ਤੇਰੀ ਪਿਆਸ ਉਸਨੇ ਕਿਉਂ ਨਹੀਂ ਬੁਝਾਈ ? ਦੀਵਾਨੀ ਨੇ ਆਖਿਆ–ਮਹਾਰਾਜ ਜਿਉ ! ਮੇਰੀ ਪਿਆਸ ਉਹ ਨਹੀਂ ਬੁਝਾ ਸਕਿਆ ਤਦੇ ਹੀ ਗੁਰੂ 'ਸਮੁੰਦ' ਦੇ ਨੇੜੇ ਆਇਆ ਹਾਂ, ਹੁਣ ਜ਼ਰੂਰ ਤ੍ਰਿਪਤ ਹੋਵਾਂਗਾ। ਇਹਦੇ ਢੁਕਵੇਂ ਬਚਨ ਸੁਣ ਕੇ ਹਜ਼ੂਰ ਬਹੁਤ ਪ੍ਰਸੰਨ ਹੋਏ। ਆਖਿਆ–ਜੇ ਤੂੰ ਸੱਚੇ ਦਿਲ ਤੋਂ ਗੁਰੂ ਸਮੁੰਦ ਦੇ ਨੇੜੇ ਹੋਇਆ ਏਂ ਤਾਂ ਅਸੀਂ ਸਰਵਰ ਦੀ ਸ਼ਰਧਾ ਦੇ ਸੰਗਲ ਤੋੜ ਕੇ ਹੁਣੇ ਅੰਮ੍ਰਿਤ ਪਾਨ ਕਰ ਲੈ ਤੇ ਸਿੰਘ ਸੱਜ ਕੇ ਗੁਰੂ ਵਾਲਾ ਬਣ ਜਾਹ !

ਦੀਵਾਨੀ ਨੇ ਪ੍ਰਵਾਨ ਕੀਤਾ ਤਾਂ ਬਾਬਾ ਜੀ ਨੇ ਵਿੱਧੀ ਪੂਰਬਿਕ ਇਹਨੂੰ ਅੰਮ੍ਰਿਤ ਛਕਾਇਆ, ਨਾਮ ਦੀਵਾਨ ਸਿੰਘ ਰਖਿਆ ਅਤੇ ਪੁੱਤਰ ਪ੍ਰਾਪਤੀ ਦਾ ਵਰਦਾਨ ਵੀ ਬਖਸ਼ਿਆ।

ਤਿਨ ਕੀ ਸ਼ਰਧਾ ਪਿਖ ਗੁਨ ਖਾਨੀ। ਜੀਵ ਉਧਾਰਨ ਕਾਮ ਮਹਾਨੀ।
ਜੱਥਾ ਵਿੱਧੀ ਅੰਮ੍ਰਿਤ ਕਰ ਤਿਆਰੀ। ਦੀਨ ਸੁ ਪਾਹੁਲ ਸਿਖਿਆ ਧਾਰੀ।
ਧਰਿਓ ਨਾਮ ਦੀਵਾਨ ਮ੍ਰਿਗਿੰਦੂ। ਨਾਸ਼ਨ ਹਾਰ ਪਾਪ ਜਗ ਬਿੰਦੂ।

(ਗੁਰ ਜਸ ਹੁਲਾਸ ਧਿ: ੧੨ ਚੌ: ੧੦੦)

ਇਉਂ ਇਸਤ੍ਰੀ ਪੁਰਸ਼ ਦੋਹਾਂ ਨੇ ਸਿੱਖੀ ਧਾਰਨ ਕੀਤੀ ਤੇ ਸਿੱਦਕ ਵਿਚ ਰੱਤੇ ਹੋਏ ਘਰਾਂ ਨੂੰ ਗਏ। ਸਾਲ ਮਗਰੋਂ ਵਾਹਿਗੁਰੂ ਨੇ ਪੁੱਤਰ ਬਖਸ਼ਿਆ। ਜਦੋਂ ਇਹ ਕਾਕਾ ਪੰਜ ਸਾਲਾਂ ਦਾ ਹੋਇਆ-ਮੁੜ ਬਾਬਾ ਜੀ ਦਰਸ਼ਨ ਲਈ ਸ੍ਰੀ ਅਨੰਦਪੁਰ ਆਏ। ਦੱਸ ਹਜ਼ਾਰ ਨਕਦੀ ਅਤੇ ਕਈ ਕੀਮਤੀ ਜ਼ੇਵਰ ਤੇ ਬਸਤ੍ਰ ਭੇਟਾ ਕੀਤੇ। ਬਾਬਾ ਜੀ ਨੇ ਭੁਯੰਗੀ ਨੂੰ ਥਾਪੀ ਦਿਤੀ ਤੇ ਦੀਵਾਨ ਸਿੰਘ ਨੂੰ ਆਖਿਆ-ਜੇਕਰ ਤੈਨੂੰ ਇਕ ਲੱਖ ਰੁਪਿਆ-ਨਿਜ ਦੇ ਕਾਰ ਵਿਹਾਰ ਵਿਚੋਂ ਨਫਾ ਹੋਇਆ ਹੋਵੇ ਤਾਂ ਬੇਸ਼ੱਕ ਦੱਸ ਹਜ਼ਾਰ ਦਸਵੰਧ ਦਾ ਦਿਉ, ਨਹੀਂ ਤਾਂ ਜੋ ਦਸਵੰਧ ਹੈ, ਉਹੀ ਦੇ ਦੇਵੋ। ਉਸ ਨੇ ਐਸਾ ਹੀ ਕੀਤਾ, ਤੇ ਅਗੋਂ ਲਈ ਇਸ ਦੀ ਸੰਤਾਨ ਵੀ ਬਾਬਾ ਜੀ ਦੇ ਸਾਹਿਬਜ਼ਾਦਿਆਂ ਪਾਸ ਇਸੇ ਤਰ੍ਹਾਂ ਨਿਯਮ ਅਨੁਸਾਰ ਭੇਟਾ ਦਿੰਦੇ ਰਹੇ।

## ਇਕ ਮਾਈ ਨੇ ਪੁਤਰ ਭੇਟਾ ਕੀਤਾ

ਪਿੰਡ 'ਕੁੰਜਾਹ' ਜ਼ਿਲਾ ਗੁਜਰਾਤ ਦੀ ਇਕ ਮਾਈ ਦਾ ਇਕਲੌਤਾ ਪੁੱਤਰ ਬਹੁਤ ਬੀਮਾਰ ਹੋ ਗਿਆ। ਜੀਵਣ ਦੀ ਕੋਈ ਉਮੀਦ ਨ ਰਹੀ। ਇਕ ਮਨ ਹੋ ਕੇ ਇਸ ਨੇ ਅਰਦਾਸ ਕੀਤੀ-ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ! ਮੇਰੀ ਨਿਮਾਣੀ ਦੇ ਇਸ ਇਆਣੇ ਨੂੰ ਜ਼ਿੰਦਗੀ ਬਖਸ਼ੋ। ਜੇਕਰ ਇਹ ਬੱਚ ਰਿਹਾ ਤਾਂ ਆਪ ਦਾ ਹੋਇਆ, ਗੁਰੂ ਘਰ ਦੀ ਟੈਹਲ ਵਾਸਤੇ ਭੇਟਾ ਕਰ ਦਿਆਂਗੀ।

'ਮਿਰਤਕ ਕਉ ਜੀਵਾਲਨਹਾਰ' ਸਤਿਗੁਰੂ ਨੇ ਇਸ ਦੀ ਅਰਦਾਸ ਦਰਗਾਹੇ ਪ੍ਰਵਾਨ ਕਰ ਲਈ। ਜਿਵੇਂ ਚੰਦ੍ਰਮੇਂ ਨੂੰ ਸਣੇ ਸਣੇ ਗ੍ਰਹਿਣ ਛੱਡਦਾ ਹੈ, ਤਿਵੇਂ ਬੱਚੇ ਦਾ ਰੋਗ ਦੂਰ ਹੋਣ ਲਗਾ ਤੇ ਥੋੜੇ ਦਿਨਾਂ ਵਿਚ ਨੌ ਬਰਨੋ ਹੋ ਗਿਆ ਸੀ। ਸ਼ੁਕਰ ਕਰਦੀ ਮਾਈ ਬੱਚੇ ਨੂੰ ਨਾਲ ਲਿਆ ਕੇ ਅਨੰਦਪੁਰ ਸਾਹਿਬ ਆਈ, ਤੇ ਸਾਰੇ ਸੋਢੀ ਸਾਹਿਬ-ਜ਼ਾਦਿਆਂ ਦੇ (ਜੋ ਆਪਣੀ ੨ ਥਾਂ ਗੁਰੂ ਕਹਾਂਦੇ ਸਨ) ਘਰੀਂ ਵੀ ਗਈ। ਥੋੜੀ ਥੋੜੀ ਭੇਟਾ ਦੇ ਕੇ ਬੱਚੇ ਨੂੰ ਮੱਥਾ ਟਿਕਾਇਆ, ਪਰ ਕਿਸੇ ਨੇ ਦਿਲ ਦੀ ਨਾ ਜਾਣੀ। ਮਾਈ ਸੰਸੇ 'ਚ ਪੈ ਗਈ, ਬੱਚਾ ਭੇਟਾ ਕਰੇ ਤਾਂ ਕੀਹਦੇ ਅਗੇ ?

ਇਸ ਨੇ ਸ੍ਰੀ ਬਾਬਾ ਜੀ ਦੇ ਦਰਸ਼ਨ ਕੀਤੇ, ਤਾਂ ਦੇਖਦੇ ਹੀ ਹਜ਼ੂਰ ਨੇ ਕਿਹਾ-ਮਾਈ! ਬੱਚੇ ਨੂੰ ਭੇਟਾ ਕਰ ਦਿਹ! ਕਿਤਨਾ ਚਿਰ ਹੋਰ ਅਜ਼ਮਤਾਂ ਦੇਖਦੀ ਫਿਰੇਂਗੀ। ਸਾਡੀ ਵਸਤੂ ਸਾਨੂੰ ਦੇ ਦਿਹ।

ਐਸਾ ਸੁਣ ਕੇ ਮਾਈ ਦਾ ਮਨ ਖਿੜ ਗਿਆ। ਸਰੀਰ ਵਿਚ ਪੁਲਕਾਵਲੀ ਆਈ, ਪੁੱਤਰ ਨੂੰ ਹਜ਼ੂਰ ਦੇ ਚਰਨੀ ਭੇਟਾ ਕਰ ਦਿਤਾ। ਬਾਬਾ ਜੀ ਨੇ ਇਹਦੇ ਸੀਸ ਉਤੇ ਹੱਥ ਫੇਰਿਆ। ਕੰਢ ਤੇ ਥਾਪੀ ਦੇ ਕੇ ਅਪਣਾਇਆ ਤੇ ਅੰਮ੍ਰਿਤ ਛਕਾ ਕੇ ਇਹਦਾ ਨਾਮ ਬਹਾਦਰ ਸਿੰਘ ਰਖਿਆ। ਬਹਾਦਰ ਸਿੰਘ ਨੇ ਵੀ ਆਪਣੇ ਨੂੰ ਵਡ ਭਾਗੀ ਜਾਣਿਆ ਤੇ ਕਈ ਸਾਲਾਂ ਦੀ ਅਨਥੱਕ ਸੇਵਾ ਕਾਰਨ ਇਹਦਾ ਮਨ ਵੀ ਨਿਰਮਲ ਤੇ ਸੂਝ ਬੂਝ ਵਾਲਾ ਹੋ ਗਿਆ ਸੀ।

ਇਕ ਦਿਨ ਇਹਦੇ ਦਿਲ ਵਿਚ ਆਈ, ਮੈਨੂੰ ਵੀ ਸੇਵਾ ਕਰਦਿਆਂ ਖਾਸਾ ਚਿਰ ਹੋਇਆ ਹੈ ਪਰ ਅਜੇ ਤੀਕ ਬਖਸ਼ਸ਼ ਨਹੀਂ ਕੀਤੀ ਨੇ। ਇਹਦੇ ਮਨ ਦੀ ਜਾਣ ਕੇ ਬਾਬਾ ਜੀ ਨੇ ਪਾਸ ਬੁਲਾਇਆ ਤੇ ਸੋਨੇ ਦੇ ਦੋ ਕੜਿਆਂ ਦੀ ਇਕ ਜੋੜੀ ਦੇ ਕੇ ਆਤਮ ਉਪਦੇਸ਼ ਸੁਣਾਇਆ। ਆਪ ਨੇ ਫੁਰਮਾਇਆ-ਪ੍ਰੇਮੀਆ ਤੱਤੂ ਉਪਦੇਸ਼ ਦਾ ਟਿਕਾਉ ਨਿਸ਼ਕਾਮ ਭਗਤੀ ਵਾਲੇ ਸ਼ੁੱਧ ਹਿਰਦੇ ਵਿਚ ਹੋ ਸਕਦਾ ਹੈ। ਤੈਨੂੰ ਆਪਣੀ ਸੇਵਾ ਨੂੰ ਚੇਤੇ ਕਰਕੇ ਬਖਸ਼ਸ਼ ਪ੍ਰਾਪਤੀ ਦੀ ਕਾਹਲੀ ਸੀ। ਬਖਸ਼ਸ਼ ਕਰ ਦਿਤੀ ਹੈ ਪਰ ਸਿਮਰਨ ਭਗਤੀ ਨੂੰ ਦ੍ਰਿੜ੍ਹ ਕਰਨ ਤੇ ਨਿਸ਼ਕਾਮਤਾ ਆਉਂਦੀ ਹੈ ਤੇ ਮੱਤ ਉੱਚੀ ਹੁੰਦੀ ਹੈ। ਇਹ ਬਚਨ ਸੁਣਦੇ ਹੀ ਬਹਾਦਰ ਸਿੰਘ ਦੀ ਸੁਰਤ ਨਿਰਮਾਨ ਹੋ ਕੇ ਅੰਤਰ ਮੁਖ ਬ੍ਰਿਤੀ ਟਿਕ ਗਈ

ਕਿਤਨਾ ਚਿਰ ਤੀਕ ਆਤਮ ਰੱਸ ਵਿਚ ਮਗਨ ਰਿਹਾ, ਤੇ ਇਸੇ ਤਰ੍ਹਾਂ ਫਿਰ ਬਹੁਤਾ ਰਹਿਣ ਲੱਗਾ। ਕਈ ਵੇਰੀ ਉੱਚੀ ਉੱਚੀ ਅਵਾਜ਼ ਵਿਚ ਮਸਤਾਨਾ ਹੋਇਆ ਇਉਂ ਗਾਂਦਾ ਤੇ ਆਖਦਾ ਫਿਰਦਾ :-

ਦੁਨੀਆਂ ਦੇ ਲੋਕੋ ਕਿਉਂ ਭੁਲੇ ਫਿਰਦੇ ਹੋ।
ਰੱਬੀ ਜੋਤ ਨੇੜੇ ਵਸੇ ਤੁਸੀਂ ਦੂਰ ਦੂਰ ਤੁਰਦੇ ਹੋ ?

ਫਿਰ ਕਦੇ ਹੱਦੋਂ ਵੀ ਟੱਪ ਜਾਂਦਾ, ਤੇ ਇਉਂ ਬੋਲਣ ਲਗਦਾ-ਸਾਰਿਆਂ ਵਿਚ ਬ੍ਰਹਮ ਹੈ, ਰਤੀ ਭਰ ਫਰਕ ਨਹੀਂ। ਮੈਂ ਵੀ ਬ੍ਰਹਮ ਹਾਂ। ਤੁਸੀਂ ਸਾਰੇ ਮੇਰਾ ਹੀ ਰੂਪ ਹੋ ਮੇਰਾ ਹੀ ਧਿਆਨ ਕਰੋ। ਤੇ ਮੇਰਾ ਹੀ ਨਾਮ ਜਪਿਆ ਕਰੋ।

ਜਦੋਂ ਬਾਬਾ ਜੀ ਨੇ ਇਸ ਦੀ ਐਸੀ ਦਸ਼ਾ ਦੇਖੀ, ਤਾਂ ਪਾਸ ਬੁਲਾ ਕੇ ਸੀਸ ਉਤੇ ਹੱਥ ਫੇਰਿਆ, ਸੁਰਤ ਟਿਕਾ ਦਿਤੀ। ਜਿਸ ਤੋਂ ਫਿਰ ਕਦੀ ਇਸ ਤਰ੍ਹਾਂ ਨਾਲ ਉਚੀ ਆਵਾਜ਼ ਵਿਚ ਨਹੀਂ ਬੋਲਿਆ ਤੇ ਮਗਨ ਹੀ ਰਹਿੰਦਾ ਰਿਹਾ।

# ਗਜ਼ਨੀ ਦੇ ਭਾਈ ਚੰਦਾ ਸਿੰਘ ਦੀ ਸਾਖੀ

ਕਾਬਲ ਦੇਸ਼ ਦੇ 'ਗਜ਼ਨੀ' ਸ਼ਹਿਰ ਅੰਦਰ ਚੰਦਾ ਸਿੰਘ ਨਾਮੀ ਇਕ ਸਿਖ ਰਹਿੰਦਾ ਸੀ ਇਹ ਬਾਲ ਅਵ-ਸਥਾ ਤੋਂ ਕੋਮਲ ਹਿਰਦੇ ਵਾਲਾ ਸੰਤ ਸੇਵੀ ਤੇ ਨਿਤ ਨੇਮੀ ਸੀ। ਧਰਮ ਦੀ ਕਿਰਤ ਕਰਣੀ, ਵੰਡ ਛਕਣਾ, ਧਰਮਸਾਲੇ ਆਏ ਗਏ ਮੁਸਾਫਰ ਸਾਧੂ ਸੰਤ ਦੀ ਸੇਵਾ ਕਰਣੀ ਇਸ ਦਾ ਸੁਭਾਉ ਸੀ। ਗੁਣੀ ਪੁਰਸ਼ਾਂ ਦੀ ਸੰਗਤ ਤੇ ਗੁਰਬਾਣੀ ਦੀ ਵੀਚਾਰ ਕਰਕੇ ਇਸ ਦਾ ਮਨ ਨਿਰਮਲ ਤੇ ਵੈਰਾਗਵਾਨ ਰਹਿੰਦਾ। ਚਾਹੁੰਦਾ ਕਿ ਸੰਸਾਰੀ ਝੰਬੇਲਿਆਂ ਅਤੇ 'ਮਿਥਿਆ ਤਨ ਧਨ ਕੁਟੰਬ ਸਬਾਇਆ।' ਵਲੋਂ ਮੂੰਹ ਮੋੜ ਕੇ ਸਾਧੂ ਬਣ ਜਾਏ। ਪਰ ਪਾਠ ਕਰਦਿਆਂ ਜਦੋਂ ਸ੍ਰੀ ਸੁਖਮਨੀ ਸਾਹਿਬ ਦੀਆਂ ਇਨ੍ਹਾਂ ਤੁੱਕਾਂ ਨੂੰ ਪੜ੍ਹਦਾ ਹੁੰਦਾ –

ਆਪਿ ਸਤਿ ਕੀਆ ਸਭੁ ਸਤਿ, ਤਿਸੁ ਪ੍ਰਭ ਤੇ ਸਗਲੀ ਉਤਪਤਿ।
ਤਥਾ– ਸਚੁ ਸਚੁ ਸਚੁ ਸਭੁ ਕੀਨਾ, ਕੋਟਿ ਮਧੇ ਕਿਨੈ ਬਿਰਲੈ ਚੀਨਾ।

ਤਾਂ ਸੰਸੇ ਵਿੱਚ ਪੈ ਜਾਂਦਾ। ਕਹਿੰਦਾ-ਪ੍ਰਭੂ ਨੇ ਜੋ ਕੁਝ ਕੀਤਾ ਹੈ ਸੱਚ (ਸਤਿ) ਹੀ ਕੀਤਾ ਹੈ। ਕਰਤਾ ਪੁਰਖ ਆਪ ਵੀ ਸੱਚਾ ਹੈ, ਤੇ ਉਹਦੀ ਰਚਨਾਂ ਵੀ ਸਤਿ ਹੈ। 'ਨਾਮ' ਅਤੇ ਰੂਪ ਭਾਵੇਂ ਬਦਲ ਜਾਵਨ ਪਰ ਨਾਮੀ ਦੀ ਹੋਂਦ ਅਤੇ ਉਹਦੀ ਸ਼ਕਤੀ ਤੋਂ ਉਤਪਤ ਹੋਇਆ 'ਵਿਸ਼੍ਵ-ਸੂਖਮ ਰੂਪ ਹੋ ਕੇ ਮੁੜ ਸ਼ਕਤੀ ਵਿਚ ਸ਼ਕਤੀਮਾਨ ਦੇ ਨਾਲ ਹੀ ਇਹ ਵੀ ਸਦਾ ਸੱਤ ਹੈ। ਇਸ ਭੇਦ ਨੂੰ ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੇ ਹੀ ਜਾਣਿਆ ਹੈ, ਵਰਨਾ-ਇਹ ਪੁਰਸ਼ "ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ"-ਹੈ।

ਭਾਵ-ਜੇਹੜਾ ਪੁਰਸ਼ ਸੰਸਾਰਕ ਕਠਨਾਈਆਂ ਅਤੇ ਘਰੋਗੀ ਕਲੇਸ਼ਾਂ ਤੋਂ ਤੰਗ ਆ ਕੇ ਸਾਧੂ ਬਣ ਜਾਂਦਾ ਹੈ ਉਹਨੂੰ ਉਹਨਾਂ ਹੀ ਘਰਾਂ ਵਿਚੋਂ ਮੰਗ ਕੇ ਖਾਣਾ ਪੈਂਦਾ ਹੈ। ਪੇਟ ਜੋ ਹੋਇਆ ! ਇਸ ਦੀ ਅੱਗ ਬੁਝਾਉਣ ਨੂੰ ਦੋ ਰੋਟੀਆਂ ਦੀ ਲੋੜ ਹੈ। ਘਰਾਂ-ਘਰਾਂ ਵਿਚੋਂ ਬਹੁਤਾ ਚਿਰ ਮੰਗ ਖਾਣੀਆਂ ਠੀਕ ਨ ਜਾਣੀਆਂ, ਤਾਂ ਧਰਮਸਾਲਾ, ਠਾਕਰ ਦਵਾਰੇ, ਸੰਤਪੁਰੇ ਤੇ ਮੰਦਰਾਂ ਦੇ ਨਾਮ ਨਾਲ ਕੋਠੇ ਉਸਾਰ ਬਹਿੰਦਾ ਹੈ। ਜਿਸ ਲਈ ਗ੍ਰਹਸਥੀਆਂ ਤੋਂ ਵਧ ਪੁਆੜੇ

ਆਪਣੇ ਗਲ ਪਾ ਲੈਂਦਾ ਹੈ ਤਾਂ ਤੇ ਗੁਰੂ ਜੀ ਦੇ ਇਸ ਵਾਕ ਅਨੁਸਾਰ ਰਹਿਣਾ ਚਾਹੀਦਾ ਹੈ ਕਿ

"ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉਂ ਕਮਲੁ ਰਹੇ ਵਿਚਿ ਪਾਣੀ ਹੇ।"

ਇਨ੍ਹਾਂ ਉਕਤ ਸੋਚਾਂ ਵਿਚਾਰਾਂ ਵਿਚ ਮਗਨ ਭਾਈ ਚੰਦਾ ਸਿੰਘ ਨੇ ਘਰ ਛੱਡ ਕੇ ਸਾਧੂ ਹੋ ਜਾਣ ਦੀ ਖ਼ਾਹਸ਼ ਤਿਆਗ ਦਿਤੀ, ਪਰ ਦੁਚਿਤਾਈ ਫਿਰ ਵੀ ਬਣੀ ਰਹਿੰਦੀ, ਤੇ ਘਰੋਗੀ ਕੰਮ ਵਿਚ ਮਨ ਨ ਲਗਦਾ ਸੀ, ਇਹ ਇਕ ਦਿਨ 'ਸ੍ਰੀ ਆਸਾ ਜੀ ਦੀ ਵਾਰ' ਦੀਆਂ ਇਨ੍ਹਾਂ ਤੁੱਕਾਂ ਨੂੰ ਪੜ੍ਹਦੇ ੨ ਚੁੱਪ ਹੋ ਗਿਆ–

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ।
ਧਰਤਿ ਕਾਇਆ ਸਾਧਿਕੈ ਵਿਚਿ ਦੇਇ ਕਰਤਾ ਬੀਉ।

ਵਿਚਾਰਨ ਲਗਾ–ਕਿ ਗੁਰੂ ਨਾਨਕ ਜੀ ਨੇ ਫੁਰਮਾਇਆ ਹੈ–ਸਚੇ ਵਾਹਿਗੁਰੂ ਨੂੰ ਤਦ ਜਾਣ ਸਕੀਏ, ਜੇ ਜੁਗਤਿ ਆਉਂਦੀ ਹੋਵੇ। ਅਤੇ ਕਾਇਆਂ (ਸਰੀਰ) ਰੂਪੀ ਧਰਤੀ ਨੂੰ ਸਾਧ ਕੇ ਵਿਸ਼ੇ ਵਿਕਾਰਾਂ ਤੋਂ ਬਚਾ ਕੇ (ਸੰਵਾਰਕੇ) ਕਰਤਾ ਪੁਰਖ ਦੇ 'ਨਾਮ' ਦਾ ਬੀਜ ਬੀਜੀਏ। ਇਉਂ ਸਰੀਰ ਰੂਪੀ ਧਰਤੀ ਨੂੰ ਟੋਏ ਟਿੱਬੇ ਰੂਪੀ ਵਿਕਾਰਾਂ ਤੋਂ ਸਾਫ਼ ਕਰਕੇ ਜਦੋਂ ਤੀਕ ਨਾਮ ਦਾ ਬੀਜ ਨ ਬੀਜਿਆ ਜਾਵੇ, ਫਲ ਦੀ ਪ੍ਰਾਪਤੀ ਕਿਵੇਂ ਹੋ ਸਕੇ ? ਤਾਂ ਤੇ ਮੇਰਾ ਸਰੀਰ ਬੀ, ਜਦੋਂ ਤੀਕ ਕਿ ਇਸ ਵਿਚ ਨਾਮ ਦਾ ਨਿਵਾਸ ਨ ਹੋਵੇ, ਵਿਅਰਥ ਹੀ ਹੈ।

ਇਸ ਵਿਚਾਰ ਨੇ ਭਾਈ ਚੰਦਾ ਸਿੰਘ ਦੇ ਮਨ ਵਿਚ ਇਕ ਹੋਰ ਤੜਪ ਪੈਦਾ ਕਰ ਦਿਤੀ। ਇਹ ਹਰ ਵੇਲੇ ਇਸੇ ਲਗਨ ਵਿਚ ਹੀ ਮਗਨ ਰਹਿੰਦਾ,ਕਿ ਕਿਸੇ ਮਹਾਂ ਪੁਰਸ਼ ਕਰਣੀ ਵਾਲੇ ਦਾ ਮਿਲਾਪ ਹੋਵੇ। ਤਾਂ ਉਹਦੀ ਅਸੀਸ-ਚਰਨ ਧੂੜ ਤੇ ਕਮਾਈ ਦੇ ਸਦਕੇ ਮੇਰੇ ਮਨ ਵਿਚ ਵੀ ਨਾਮ ਦਾ ਨਿਵਾਸ ਹੋ ਜਾਵੇ। ਇਸੇ ਖਿੱਚ ਵਿਚ ਇਹ ਕਿਸੇ ਵੀ ਪੰਜਾਬੋਂ ਆਏ ਗੁਰਸਿੱਖ ਪਾਸੋਂ ਸੰਤਾਂ-ਮਹਾਤਮਾਂ ਤੇ ਕਰਣੀ ਕਮਾਈ ਵਾਲੇ ਗੁਰਸਿੱਖ ਦੇ ਧਤੇ ਠਿਕਾਣੇ ਪੁੱਛਦਾ ਰਹਿੰਦਾ, ਤੇ ਮਿਲਣ ਦੇ ਯਤਨ ਸੋਚਦਾ।

ਇਹ ਇਕ ਦਿਨ ਅਰਦਾਸਾ ਸੋਧ ਕੇ ਘਰ ਤੋਂ ਟੁਰ ਪਿਆ। ਕਈ ਦਿਨਾਂ ਦਾ ਕਰੜਾ ਸਫਰ ਕਟ ਕੇ ਜੰਗਲ ਪਹਾੜਾਂ ਵਿਚੋਂ ਲੰਘਦਾ ਹੋਇਆ, ਪੰਜਾਬ ਅੰਦਰ ਪੁੱਜਾ। ਅਨੇਕਾਂ ਗੁਰ-ਅਸਥਾਨਾਂ, ਸੰਤਾਂ, ਮਹਾਤਮਾਂ ਦੀ ਸੰਗਤ ਕਰਦਾ-ਕਰਦਾ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਦਾ ਅਨੰਦ ਮਾਣਿਆ। ਤਖਤ ਸ੍ਰੀ ਕੇਸਗੜ੍ਹ, ਅਨੰਦਗੜ੍ਹ ਤੇ ਲੋਹਗੜ੍ਹ ਆਦਿਕ ਅਸਥਾਨਾਂ ਦੇ ਦਰਸ਼ਨ ਕੀਤੇ, ਗੁਰੂ ਕਲਗੀਧਰ ਪਿਤਾ ਦੀਆਂ ਕੁਰਬਾਨੀਆਂ ਦੀਆਂ ਸਾਖੀਆਂ ਸੁਣ ੨ ਕੇ ਇਹਦੇ ਮਨ ਤੇ ਖਾਸਾ ਪ੍ਰਭਾਉ ਪਿਆ। ਇਸ ਨੇ ਬਾਬਾ ਜੀ ਦੀ ਮਹਿਮਾ ਵੀ ਸੁਣੀ, ਤਾਂ ਪ੍ਰੇਮ ਵਿਚ ਪੂਰਤ ਹਿਰਦੇ ਨਾਲ ਜਾ ਕੇ ਦਰਸ਼ਨ ਕੀਤਾ। ਇਹ ਸਮਾਂ ਕਿਹਾ ਹੀ ਅਸਚਰਜ ਤੇ ਸੁਹਾਵਣਾ ਸੀ, ਇਕ–'ਰਾਮ ਬਿਉਗੀ' ਨੇ ਪ੍ਰੇਮ ਮੂਰਤਿ ਅਤੇ ਪ੍ਰਤਾਪ ਦੇ ਪੁੰਜ ਸ੍ਰੀ ਬਾਬਾ ਜੀ ਦੇ ਦਰਸ਼ਨ ਕੀਤੇ, ਨਾਲ ਹੀ ਆਪਣੇ 'ਮਨ ਨੀਵੇਂ ਤੇ ਮੱਤ ਉਚੀ' ਨੂੰ ਸਣੇ ਸਰੀਰ ਦੇ ਭੇਟਾ ਕਰ ਦਿੱਤਾ। ਠੰਢ ਵਰਤ ਗਈ। ਸਚੇ ਪਾਰਖੂ ਬਾਬਾ ਜੀ ਨੇ ਵੀ 'ਉੱਚੀ ਨਦਰ ਸਰਾਫੀ' ਨਾਲ ਚੰਦਾ ਸਿੰਘ ਦੇ ਅੰਤਰ ਆਤਮੇ ਵਰਤ ਰਹੀ ਪੀੜਾ ਨੂੰ ਪਾ ਲਿਆ, ਤੇ ਦਰ ਆਏ ਦਰਵੇਸ਼ ਨੂੰ 'ਜੀ ਆਇਆਂ' ਆਖਦੇ ਹੋਏ ਇਉਂ ਨਿਵਾਜਣਾ ਕੀਤਾ–

ਹੇ ਪ੍ਰੇਮੀਆ ! ਸ਼ਰਧਾਧੂਆਂ ਸਿੱਖਾਂ ਵਾਸਤੇ 'ਗੁਰੂ ਜੋਤ' ਬਾਣੀ ਰੂਪ ਵਿਚ ਸਦਾ ਹੀ ਪ੍ਰਤੱਖ, ਤੇ ਸੂਰਜ ਵੱਤ ਪ੍ਰਕਾਸ਼ਵਾਨ ਹੈ। ਪਰ ਬੇ-ਮੁਖਾਂ, ਉੱਲੂਆਂ, ਚਮਗਾਦੜਾਂ ਨੂੰ 'ਗੁਰੂ' ਅਤੇ 'ਸੂਰਜ' ਚੜ੍ਹਿਆ ਨਹੀਂ ਦਿਸਦਾ। ਉਹਨਾਂ

ਦੇ ਨੇਤ੍ਰਾਂ ਵਿਚ ਕਰਤੇ ਪੁਰਖ ਨੇ ਉਹ ਜੋਤੀ ਨਹੀਂ ਧਰੀ, ਜਿਸ ਨਾਲ ਸੂਰਜ ਦੀ ਜੋਤੀ, ਤੇ ਉਨ੍ਹਾਂ ਦੀ ਨੇਤ੍ਰ ਜੋਤੀ ਇਕ ਮਿਕ ਹੋ ਕੇ ਪ੍ਰਕਾਸ਼ ਨੂੰ ਅਨੁਭਵ ਕਰ ਸਕਣ। ਇਸੇ ਤਰ੍ਹਾਂ ਅਸ਼ਰਧਕ ਤੇ ਨਿੰਦਕ ਪੁਰਸ਼ਾਂ ਵਿਚ ਗੁਰੂ ਪ੍ਰਮੇਸ਼ਵਰ ਨੇ ਵਿਚਾਰ ਰੂਪੀ ਉਹ ਸ਼ਕਤੀ ਨਹੀਂ ਧਰੀ–ਜਿਸ ਨਾਲ ਉਹ 'ਬਾਣੀ ਗੁਰੂ' ਦੇ ਆਸ਼ੇ ਨੂੰ ਆਪਣੀ ਬਿਬੇਕ ਬੁੱਧੀ ਅਨੁਸਾਰ ਸਮਝ ਕੇ ਪਤੀਜ ਸਕਣ। ਜਿਨ੍ਹਾਂ ਨੂੰ ਕਰਤਾ ਪੁਰਖ ਨੇ ਬਿਬੇਕ ਬੁੱਧੀ ਬਖਸ਼ੀ ਹੈ, ਉਹ ਇਸ ਗੁਰਬਾਣੀ ਰੂਪੀ ਸੂਰਜ ਤੋਂ ਗਿਆਨ ਪ੍ਰਕਾਸ਼ ਨੂੰ ਪਾ ਕੇ ਆਤਮ ਅਨਾਤਮ ਦੇ ਭੇਦਾਂ ਨੂੰ ਅਨੁਭਵ ਕਰਦੇ ਹੋਏ ਗੁਹਜ ਰਤਨਾਂ ਨੂੰ ਲਭ ਲੈਂਦੇ ਹਨ। ਪਰ ਜਿਨ੍ਹਾਂ ਦੀ ਬਿਬੇਕ ਬੁੱਧੀ ਧੁੰਧਲੀ, ਜਾਂ ਮਲੀਨ ਹੈ ਉਹਨਾਂ ਲਈ ਸਮਝਾਉਣ ਵਾਲੇ ਗੁਰਮੁੱਖਾਂ ਦੀ ਸੰਗਤ ਕਰਣੀ ਜ਼ਰੂਰੀ ਹੈ। ਜਿਵੇਂ ਕਿਸੇ ਪਿਤਾ ਦੇ ਸਰੀਰ ਛਡ ਜਾਣ ਮਗਰੋਂ ਵਡੇ ਤੇ ਸਿਆਣੇ ਭਰਾਤਾ ਪਾਸੋਂ ਛੋਟੇ ਭਰਾਤਾ ਵਿਵਹਾਰਿਕ ਸਿਖਿਆ ਸਿਖਦੇ ਹੋਏ ਕਾਰ ਵਿਹਾਰ ਵਿਚ ਸਿਆਣੇ ਹੋ ਸਕਦੇ ਹਨ, ਤਿਵੇਂ ਗੁਰ 'ਪ੍ਰਮੇਸ਼ਰ' ਵਲੋਂ ਸਤਿਗੁਰਾਂ ਰਾਹੀਂ ਆਈ ਗੁਰਬਾਣੀ ਅਤੇ ਨਾਉਂ ਉਪਦੇਸ਼ ਵੀ ਕਰਣੀ ਕਮਾਈ ਵਾਲੇ ਨਿਰ ਅਭਿਮਾਨ ਗਿਆਨਵਾਨ, ਆਤਮ ਰਸੀਆਂ ਪਾਸੋਂ ਸੁਣਨ ਸਮਝਣ ਕਰਕੇ ਹੀ ਪ੍ਰਮਾਰਥਿਕ ਮਾਰਗ ਵਿਚ ਸਿਆਣੇ ਹੋ ਸਕੀਦਾ ਹੈ। ਐਸਾ ਹੁੰਦਾ ਆਇਆ ਤੇ ਹੁੰਦਾ ਚਲਾ ਜਾਏਗਾ।

ਇਉਂ ਆਖ ਕੇ ਸ੍ਰੀ ਬਾਬਾ ਜੀ ਨੇ ਭਾਈ ਚੰਦਾ ਸਿੰਘ ਨੂੰ ਆਪਣੀ ਸੰਗਤ ਵਿਚ ਰਹਿਣ ਦੀ ਆਗਿਆ ਬਖਸ਼ੀ ਤੇ ਨਾਮ ਅੰਮ੍ਰਿਤ ਉਪਦੇਸ਼ ਦਵਾਰੇ ਨਿਵਾਜ ਕੇ ਉਹਦੀ ਤੜਪ ਮਿਟਾ ਦਿਤੀ।

## ਭਾਈ ਚੰਦਾ ਸਿੰਘ ਪ੍ਰਥਾਇ ਗਿਆਨ ਉਪਦੇਸ਼

ਇਕ ਦਿਨ ਦੀਵਾਨ ਵਿਚ ਬਾਬਾ ਜੀ ਬਿਰਾਜਮਾਨ ਸਨ। ਸਮਾਂ ਪਾ ਕੇ ਭਾਈ ਚੰਦਾ ਸਿੰਘ ਨੇ ਬੇਨਤੀ ਕੀਤੀ–ਮਹਾਰਾਜ ਕਿਰਪਾ ਕਰਕੇ ਦਸੀਏ, ਮੈਂ ਕੀ ਹਾਂ ? ਤੇ ਅੰਤ ਨੂੰ ਕੀ ਹੋਣਾ ਹੈ ? ਇਹ ਸੁਣ ਕੇ ਹਜ਼ੂਰ ਬਹੁਤ ਪ੍ਰਸੰਨ ਹੋਏ, ਫੁਰਮਾਇਆ–ਪ੍ਰੇਮੀਆ ! ਬਹੁਤੇ ਲੋਕੀਂ ਸਾਡੇ ਪਾਸੋਂ ਧਨ, ਪੁੱਤਰ ਅਤੇ ਦੇਹਿ ਅਰੋਗਤਾ ਬਖਸ਼ਸ਼ ਤੇ ਅਸੀਸਾਂ ਚਾਹੁੰਦੇ ਹਨ। ਤੂੰ ਧੰਨ ਹੈਂ ! ਜਿਸ ਨੇ ਆਪਣੇ ਆਪ ਨੂੰ ਸਮਝਣ ਲਈ ਪੁੱਛ ਕੀਤੀ ਹੈ, ਪ੍ਰੇਮ ਨਾਲ ਸੁਣਨਾ ਕਰੀਏ, ਬਾਬਾ ਜੀ ਨੇ ਫੁਰਮਾਇਆ–

ਬੁੱਧੀਮਾਨ ਪੁਰਸ਼ 'ਜੀਵ' ਈਸ਼ਵਰ ਵਿਚ ਕੇਵਲ ਕਲਪਣਾ ਮਾਤਰ ਹੀ ਭੇਦ ਸਮਝਦੇ ਹਨ। ਜਦੋਂ ਤੀਕ ਗਿਆਨ ਨਹੀਂ ਹੁੰਦਾ, ਤਦ ਤਕ ਜੀਵ, ਈਸ਼ਵਰ ਦੀ ਪੁਰਸ਼ ਵਿਚ ਕਲਪਣਾਂ ਬਣੀ ਰਹਿੰਦੀ ਹੈ, ਗਿਆਨ (ਸਮਝ) ਹੋ ਜਾਣ ਨਾਲ ਇਹ ਅਵਸਥਾ ਵਾਪਰਦੀ ਹੈ।

ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ।

ਗੁਰੂ ਅਰਜਨ ਦੇਵ ਜੀ ਦਾ ਐਸਾ ਮਹਾਂ ਵਾਕ ਹੈ–

ਬ੍ਰਹਮ ਮਹਿ ਜਨੁ ਜਨੁ ਮਹਿ ਪਾਰ ਬ੍ਰਹਮੁ।
ਏਕਹਿ ਆਪਿ ਨਹੀ ਕਛੁ ਭਰਮੁ। (ਸੁਖਮਨੀ ਸਾਹਿਬ)

ਭਰਮ ਵਿਚ ਪਿਆ ਹੋਇਆ ਜੀਵ, ਆਪਣੇ ਆਪ ਨੂੰ ਖਤ੍ਰੀ ਬ੍ਰਾਹਮਣ, ਸੂਦਰ ਅਤੇ ਵੈਸ਼ ਮੰਨ ਰਿਹਾ ਹੈ। ਬ੍ਰਹਮ ਦ੍ਰਿਸ਼ਟੀ ਹੋ ਜਾਵੇ, ਸੋਝੀ ਆ ਜਾਣ ਤੇ ਭਰਮ ਮਿਟ ਜਾਏ, ਤਦ ਐਸੀ ਹਾਲਤ ਹੁੰਦੀ ਹੈ–

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ।
ਆਤਮ ਪਸਾਰਾ ਕਰਣ ਹਾਰਾ ਪ੍ਰਭ ਬਿਨਾ ਨਹੀ ਜਾਣੀਐ ।

ਜਦੋਂ ਸਾਰਾ ਪਸਾਰਾ ਹੀ ਬ੍ਰਹਮ ਦਾ ਨਿਸਚੇ ਵਿਚ ਆ ਜਾਇ ਤਾਂ ਫਿਰ ਦੇਹ ਅਭਿਮਾਨ, ਤੇ ਖਤ੍ਰੀ ਬ੍ਰਾਹਮਣ ਦਾ ਭਰਮ ਮਿਟ ਜਾਂਦਾ ਹੈ। ਤੇ 'ਓਤਿ ਪੋਤਿ ਰਵਿਆ ਰੂਪਰੰਗ' ਨਿਰੰਕਾਰ ਪ੍ਰਤੀਤ ਹੋਣ ਲਗਦਾ ਹੈ। ਫਿਰ ਹਰੀ ਅਤੇ ਹਰੀ ਦੇ ਜਨ, (ਸਮੂੰਹ ਜੀਆ ਜੰਤ) ਵਿਚ ਭਿੰਨ ਭੇਦ ਨਹੀਂ ਦਿੱਸਦਾ। ਇਸੇ ਅਵਸਥਾ ਵਿਚ ਵਰਤਣ ਵਾਲੇ ਸਬੰਧੀ ਗੁਰੂ ਜੀ ਨੇ ਫੁਰਮਾਇਆ ਹੈ–

ਹਰਿ ਹਰਿ ਜਨ ਦੋਊ ਏਕ ਹੈਂ ਬਿੱਬ ਬਿਚਾਰ ਕਿਛ ਨਾਹਿ ।

ਇਸ ਪ੍ਰਕਾਰ ਦੀ ਅਭੇਦਤਾ ਹੋ ਜਾਣ ਪਰ ਇਹ ਪੁਰਸ਼, ਗਿਆਨੀ ਗਿਣਿਆ ਜਾ ਸਕਦਾ ਹੈ। ਪਰ ਗੁਰਸਿੱਖਾਂ ਗੁਰਮੁੱਖਾਂ ਦੀ ਵਿਵਸਥਾ ਨੂੰ ਗੁਰੂ ਜੀ ਨੇ ਇਨ੍ਹਾਂ ਸ਼ੁਭ ਗੁਣਾਂ ਨਾਲ ਹੋਰ ਸੁਹੱਪਣ ਦਿਤੀ ਹੈ, ਕਿ 'ਗੁਰਮੁੱਖ ਸਿਖ' ਕੋਈ ਗਿਆਨੀ ਵੀ ਹੋ ਜਾਏ, ਤੱਦ ਵੀ 'ਮੁਖ ਭਗਤੀ' 'ਵਰਤਣ ਵੈਰਾਗ' ਅਤੇ ਨਿਸਚੇ ਵਿਚ 'ਗਿਆਨ' ਰਖੇ ਕਿਉਂਕਿ ਪਰੇਮਾ ਭਗਤੀ ਤੋਂ ਬਿਨਾਂ 'ਖੁਸ਼ੱਕ ਗਿਆਨ' ਗਿਆਨੀ ਨੂੰ ਗਿਆਨ ਦੀ ਪਦੱਵੀ ਤੋਂ ਡੇਗ, ਹਉਮੈਂ ਵਿਚ ਵਰਤਾ ਕੇ ਫੇਰ ਜਨਮ ਮਰਣ ਦੇ ਗੇੜ ਵਿਚ ਸੁੱਟ ਦਿੰਦਾ ਹੈ· ਤੇ ਭਗਤੀ (ਸਹਿਤ ਜੋ ਗਿਆਨ) ਹੈ–ਉਹ ਗਿਆਨੀ ਨੂੰ ਹੋਰ ਉਚੇਰੇ ਜੇਹਿਜ ਅਵਸਥਾ ਵਿਚ ਲੈ ਜਾਂਦਾ ਹੈ। 'ਗੁਰੂ ਗ੍ਰੰਥ' ਸਾਹਿਬ ਅੰਦਰ ਵੀ ਇਸੇ ਤਰ੍ਹਾਂ ਦਾ ਭਗਤੀ ਸਹਿਤ ਗਿਆਨ ਦ੍ਰਿੜ ਕਰਨ ਦਾ ਉਪਦੇਸ਼ ਮਿਲਦਾ ਹੈ।

ਯਥਾ–ਰਾਗ ਬਿਲਾਵਲ ਮਹਲਾ ੫॥
ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ।
ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥
ਆਪੇ ਹੀ ਰਾਜਨ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥
ਕਾਕਉ ਦੁਰਾਉ ਕਾਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨਹੇਰਾ ॥੨॥

ਤਥਾ–ਸ੍ਰੀ ਰਵਿਦਾਸ ਜੀ ॥ ਸ੍ਰੀ ਰਾਗੁ ॥
ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ।
ਕਨਕ ਕਟਿਕ ਜਲ ਤਰੰਗ ਜੈਸਾ ॥ ੧ ॥
ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ।
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥ ੧ ॥ ਰਹਾਉ ॥
ਤੁਮ ਜੁ ਨਾਇਕ ਆਛਹੁ ਅੰਤਰਜਾਮੀ । ਪ੍ਰਭ ਤੇ ਜਨੁ ਜਾਨੀਐ ਜਨ ਤੇ ਸੁਆਮੀ ॥੨॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ । ਰਵਿਦਾਸ ਸਮਦਲ ਸਮਝਾਵੈ ਕੋਊ ॥੩॥

ਤਾਂਤੇ ਸਿੱਖ ਨੂੰ 'ਨਿੰਮ੍ਰਤਾ ਭਗਤੀ' ਸਣੇ ਉਕਤ ਨਿਸਚੇ ਵਾਲਾ ਗਿਆਨੀ ਹੋਣਾ ਚਾਹੀਦਾ ਹੈ। ਜੈਸੇ ਸੋਨੇ ਤੇ ਸੋਨੇ ਦੇ ਕੜਿਆਂ ਵਿਚ ਕੇਵਲ ਨਾਮ ਤੇ ਬਨਾਵਟ ਦਾ ਹੀ ਭੇਦ ਹੈ। ਇਸੇ ਤਰ੍ਹਾਂ ਤੇਰੀ ਆਤਮਾ ਅਤੇ ਸਰਬਾਤਮ,

ਪ੍ਰਮਾਤਮਾ ਵਿੱਚ ਵੀ ਤੇਰੇ ਚੰਦਾ ਸਿੰਘ ਨਾਮ ਤੇ ਸਰੀਰ ਦੀ ਮਨੌਤ ਦਾ ਹੀ ਭੇਦ ਹੈ। ਸਰੀਰ ਧਾਰਣ ਥੀਂ ਪਹਿਲਾਂ-ਨ ਤੇਰਾ 'ਚੰਦਾ ਸਿੰਘ' ਨਾਮ ਸੀ, ਤੇ ਨਾ ਹੀ ਸਰੀਰ ਦੀ ਮਨੌਤ ਹੈਗੀ ਸੀ। ਪਰ ਉਸ ਮਹਾਂ ਆਕਾਸ਼ ਸਰਬਆਤਮ ਵਿਚ ਤੇਰੀ ਆਤਮਾਂ ਅੰਸ਼ ਰੂਪ ਕਰਕੇ ਮੌਜੂਦ ਸੀ। ਜੋ ਹੁਕਮੀ ਦੇ ਹੁਕਮ ਨਾਲ ਮਾਤਾ ਦੇ ਗਰਭ ਵਿੱਚ ਵਸੀ। ਇਸੇ ਤਰ੍ਹਾਂ ਹੁਣ ਵੀ ਨਾਮ ਅਤੇ ਸਰੀਰਕ ਰੂਪ ਤੋਂ ਵਖਰੇ ਆਤਮਾਂ' ਅਤੇ ਪ੍ਰਮ ਆਤਮਾਂ ਸਦਾ ਇਕ ਰੱਸ ਤੇ ਇਕ ਮਿੱਕ ਹੀ ਹੋਣਗੇ ਜਿਸ ਵੇਲੇ ਇਹ ਨਿਸ਼ਚਾ ਹੋ ਜਾਵੇਗਾ ਤਦ ਫਿਰ ਮੈਂ ਮੇਰੀ ਦੇ ਵਿਕਾਰ ਤੋਂ ਰਹਿਤ ਹੋ ਕੇ–ਸ਼ੁੱਧ ਸਾਖੀ ਅਤੇ ਨਿਰ ਵਿਕਾਰ ਰੂਪ ਆਤਮਾਂ ਹੀ ਆਪਣਾ ਆਪ ਨੂੰ ਪ੍ਰਤੀਤ ਹੋਵੇਗਾ। ਇਸ ਸੂਖਮ ਪ੍ਰਤੀਤ ਹੋਣ ਵਾਲੀ "ਅੰਸ਼ ਆਤਮਾਂ" ਨੂੰ ਪ੍ਰਤੀਤ (ਨਿਸ਼ਚੈ) ਕਰਣ ਵਾਲਾ ਹੀ ਤੇਰਾ ਸਵੈ-ਸਰੂਪ ਹੈ। ਐਸੇ ਉਕਤ ਨਿਸ਼ਚੇ ਵਾਲੇ ਤੇ 'ਨਿਰਵਿਕਾਰ ਰੂਪ' ਦੀ ਲਖਤਾ ਵਾਲੇ (ਗੁਰਮੁੱਖ ਗਿਆਨੀ ਸਿੱਖ) ਨੂੰ ਸਤਿਗੁਰ ਦੀ ਇਕ ਹੋਰ ਸਿਖਿਆ ਵੀ ਯਾਦ ਰਖਣੀ ਚਾਹੀਦੀ ਹੈ। ਜਿਸ ਕਰਕੇ ਨਿਰਭੈਤਾ ਨਾਲ ਸੰਸਾਰ ਯਾਤਰਾ ਵਿਚ ਸਫਲਤਾ ਪ੍ਰਾਪਤਿ ਕਰ ਸਕੇ।

ਜੇ ਤੂੰ ਤਾਰੂ ਪਾਣਿ, ਤਾਹੂ ਪੁਛੁ ਤਿੜੰਨ ਕਲ।
ਤਾਹੂ ਖਰੇ ਸੁਜਾਣ ਵੰਞਾ ਏਨੀ ਕਪਰੀ।

ਭਾਵ–ਜੇਕਰ ਤੂੰ ਹੱਥਾਂ ਕਰਕੇ ਤਾਰੂ ਵੀ ਹੈ, ਤਾਂ ਵੀ ਪੁਛ ਉਨ੍ਹਾਂ ਪਾਸੋਂ ਜੋ ਸਦਾ ਕਿਨਾਰੇ ਤੇ ਵਸਦੇ ਹਨ, ਉਹ ਨਦੀ ਦੇ ਗੁੱਝੇ ਕੱਪਰਾਂ ਅਤੇ ਨਦੀ ਦੇ (ਘੁੰਮਣਘੇਰਾਂ) ਥੀਂ ਪਾਰ ਕਰ ਦੇਣਗੇ।

ਭਾਵ ਅਰਥ–ਸ੍ਰੀ ਸਤਿਗੁਰ ਜੀ ਫੁਰਮਾਉਂਦੇ ਹਨ, ਹੇ ਸਿੱਖ ! ਜੇ ਤੂੰ ਗ੍ਰੰਥਾਂ, ਪੋਥੀਆਂ ਨੂੰ ਪੜ੍ਹ ਸੁਣ ਕੇ ਆਪਣੇ ਮਨ ਬੁੱਧੀ ਰੂਪੀ ਹੱਥਾਂ ਨਾਲ ਸੰਸਾਰ ਸਮੁੰਦਰ ਤਰਣ ਵਿੱਚ ਸਮਰਥ ਵੀ ਹੋਵੇਂ ? ਤਾਂ ਵੀ ਤੈਨੂੰ ਉਹਨਾਂ ਪੁਰਸ਼ਾਂ ਗੁਰਮੁੱਖਾਂ, ਸੰਤਾਂ, ਮਲਾਹਾਂ ਪਾਸੋਂ ਪੁੱਛ ਕੇ ਜੀਵਣ ਮਾਰਗ ਵਿੱਚ ਚਲਣਾ ਚਾਹੀਦਾ ਹੈ। ਕਿ ਉਹ ਤੈਨੂੰ ਸੰਸੇ ਰੂਪੀ ਸੰਸਾਰ ਦੇ ਗੁੰਝਲਦਾਰ ਝੰਬੇਲਿਆਂ 'ਕਪਰਾਂ' (ਘੁੰਮਣਘੇਰਾਂ) ਵਿਚੋਂ ਬੱਚ ਨਿਕਲਣ ਦਾ ਰਾਹ ਪੈਂਡਾ ਦਸ ਕੇ ਸੁਖੈਨ ਹੀ ਪਾਰ ਹੋ ਜਾਣ ਦੇ ਯੋਗ ਬਣਾ ਦੇਣਗੇ। ਐਸੇ ਉਹੀ ਪੁਰਸ਼ ਹੋ ਸਕਦੇ ਹਨ ਜੋ ਪ੍ਰੇਮਾ ਭਗਤੀ ਵਿੱਚ ਗਿੱਝੇ ਨਿਰ ਅਭਿਮਾਨ ਗਿਆਨੀ ਹੁੰਦੇ ਹਨ। ਦੇਹਿ ਅਭਿਮਾਨ ਵਿਚ ਫ਼ਸੇ ਹੋਏ ਜਿਹੜੇ ਲੋਕ ਕਥਨੀ ਵਿੱਚ ਗਿਆਨੀ, ਅਤੇ ਕੁੱਝ ਬਣ ਬੈਠਣ ਦੀ ਖਾਹਸ਼ ਰਖਦੇ, ਉਹਨਾਂ ਦੇ ਜਦੋਂ ਕੋਈ ਕਸ਼ਟ ਕਸੱਵਟੀ ਸਾਹਮਣੇ ਆ ਜਾਏ ਤਾਂ ਪੂਰੇ ਨਹੀਂ ਉਤਰ ਸਕਦੇ, ਅਤੇ ਪ੍ਰੇਮਾ ਭਗਤੀ ਸਹਿਤ ਜੋ ਗਿਆਨੀ ਹਨ, ਆਤਮਾਂ ਨੂੰ ਅਮਰ ਜਾਣਦੇ ਸਿਰਾਂ ਉਤੇ ਆਰੇ ਫਿਰਾਂਦੇ ਬੰਦ ੨ ਤੁੜਾਂਦੇ ਹੋਏ ਵੀ ਹੱਸਦੇ-ਹੱਸਦੇ ਸਰਬ ਆਤਮਾ ਵਿਚ ਸਮਾ ਜਾਂਦੇ ਹਨ। ਤਾਂ ਤੇ ਤੁਸੀਂ ਵੀ ਸਚੇ, ਅਤੇ ਭਗਤੀ ਸੰਯੁੱਕਤ, ਜੀਵਣ ਮੁਕਤਿ ਗਿਆਨੀ ਹੋਣ ਦਾ ਯਤਨ ਕਰੋ ! ਜਿਨ੍ਹਾਂਦੇ ਲੱਛਣ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਉਂ ਦਸੇ ਹਨ।

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।

ਤਥਾ–ਸੋਰਠ ਮਹਲਾ ੯ ॥

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।
ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾਕੈ ਲੋਭੁ ਮੋਹੁ ਅਭਿਮਾਨਾ।

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ।
ਕਾਮ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥

ਪ੍ਰਭ ਕੀ ਆਗਿਆ ਆਤਮ ਹਿਤਾਵੈ । ਜੀਵਨ ਮੁਕਤਿ ਸੋਊ ਕਹਾਵੈ ।
ਤੈਸਾ ਹਰਖੁ ਤੈਸਾ ਉਸੁ ਸੋਗੁ । ਸਦਾ ਅਨੰਦੁ ਤਹ ਨਹੀਂ ਬਿਓਗੁ ।
ਤੈਸਾ ਸੁਵਰਨ, ਤੈਸੀ ਉਸ ਮਾਟੀ । ਤੈਸਾ ਅੰਮ੍ਰਿਤ ਤੈਸੀ ਬਿਖ ਖਾਟੀ ।
ਤੈਸਾ ਮਾਨੁ ਤੈਸਾ ਅਭਿਮਾਨੁ । ਤੈਸਾ ਰੰਕੁ ਤੈਸਾ ਰਾਜਾਨੁ ।
ਜੋ ਵਰਤਾਏ ਸਾਈ ਜੁਗਤਿ । ਨਾਨਕ ਉਹੁ ਪੁਰਖੁ ਕਹੀਐ ਜੀਵਨ ਮੁਕਤਿ ।

(ਸੁਖਮਨੀ ਸਾਹਿਬ)

ਸ੍ਰੀ ਬਾਬਾ ਜੀ ਨੇ ਫੁਰਮਾਇਆ, ਹੁਣ ਤੁਸੀਂ ਸਮਝ ਗਏ ਹੋਵੋਂਗੇ ਕਿ ਸਰਬ ਵਿਆਪੀ ਪਾਰਬ੍ਰਹਮ ਪ੍ਰਮਾਤਮਾਂ ਦੀ 'ਅੰਸ਼ ਮਾਤ੍ਰ' ਆਤਮਾਂ ਹੋਣਾ, ਇਹੀ ਤੁਸਾਡਾ ਸਵੈ-ਸਰੂਪ 'ਆਦ' ਹੈ । ਅਤੇ ਮੁਖ ਭਗਤੀ, ਵਰਤਣ ਵੈਰਾਗ, ਨਿਸ਼ਚੈ ਗਿਆਨ ਰਖਦੇ ਹੋਏ 'ਸਰਬ ਆਤਮ' ਵਿਚ ਲੀਨ ਹੋ ਜਾਣਾ ਹੀ ਤੁਸਾਡਾ 'ਅੰਤ' ਹੈ । ਪਰ ਇਤਨਾ ਕੁਝ ਸੁਣ ਕੇ ਤਥਾ ਪੜ੍ਹ ਕੇ ਹੀ ਇਸ ਅਵਸਥਾ ਵਿੱਚ ਨਹੀਂ ਪੁੱਜ ਸਕੀਦਾ । ਇਹ ਤਾਂ ਆਤਮ ਗਿਆਨ ਦਾ ਸਮਝਣਾ ਸਮਝਾਣਾ, ਅਥਵਾ ਪ੍ਰਮਾਰਥ ਦਾ ਰਾਹ ਲੱਭਣਾ ਲਭਾਣਾ ਹੈ । ਪੰਧ ਤਾਂ ਇਸ ਉਤੇ ਚਲਣੇ ਕਰ ਕੇ ਹੀ ਮੁੱਕ ਸਕਦਾ ਤੇ ਠਿਕਾਣੇ ਪੁਜੀਦਾ ਹੈ । ਸੋ ਵਧੇਰੇ ਸਮਝਣ ਲਈ ਗੁਰੂ ਕੀ ਬਾਣੀ ਤਥਾ 'ਸ੍ਰੀ ਸੁਖਮਨੀ' ਸਾਹਿਬ ਦਾ ਪਾਠ ਅਭਿਆਸ ਕਰੀਏ, ਅਤੇ ਪੁੱਗਣ ਲਈ ਗੁਰੂ ਕਾ ਹੁਕਮ ਹੈ–

ਬਾਰੰਬਾਰ ਬਾਰ ਪ੍ਰਭੁ ਜਪੀਐ । ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ।

ਤਥਾ– ਇਕ ਦੂ ਜੀਭੌ ਲੱਖ ਹੋਹਿ ਲੱਖ ਹੋਵਹਿ ਲੱਖ ਵੀਸ ।
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ।
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ।

ਭਾਵ–ਉਸ ਇਕ, ਈਸ (ਅਦੁੱਤੀ ਵਾਹਿਗੁਰੂ) ਨਾਲ ਬਾਰੰਬਾਰ ਨਾਮ ਜਪ ਕੇ ਹੀ ਅਭੇਦ ਹੋ ਸਕੀਦਾ ਹੈ, ਇਸ ਤੋਂ ਬਿਨਾਂ ਅਕਾਸ਼ ਵੱਤ ਉਚੇ ਵਾਹਿਗੁਰੂ ਵਿੱਚ ਜ਼ੁਬਾਨੀ ਜ਼ੁਬਾਨੀ ਕਥਨੀ ਕਰਣ ਨਾਲ ਨਹੀਂ ਪੁਜ ਸਕੀਦਾ ।

ਇਸ ਪ੍ਰਕਾਰ ਦੇ ਅਮੋਲਕ ਉਪਦੇਸ਼ ਦਵਾਰੇ ਸ੍ਰੀ ਬਾਬਾ ਜੀ ਨੇ ਭਾਈ ਚੰਦਾ ਸਿੰਘ ਨੂੰ ਕ੍ਰਿਤਾਰਥ ਕੀਤਾ । ਹਾਜ਼ਰ ਸ਼ਿੰਘਾਂ ਵਿਚੋਂ ਹੋਰ ਵੀ ਜਿਨ੍ਹਾਂ ਨੇ ਸੁਣਿਆ, ਉਹ 'ਲੋਕ ਸੁਖੀ ਪ੍ਰਲੋਕ ਸੁਹੇਲੇ' ਹੋ ਗਏ ਅਤੇ ਵਾਹਿਗੁਰੂ ਨੇ ਉਹਨਾਂ ਦੀ ਅੰਸ਼ ਆਤਮਾਂ ਨੂੰ ਆਪਣੀ ਸਰਬ ਆਤਮਾਂ ਵਿੱਚ ਲੀਨਤਾ ਬਖਸ਼ ਕੇ ਜਨਮ ਮਰਣ ਤੋਂ ਰਹਿਤ ਕਰ ਦਿਤਾ ਇਸੇ ਤਰ੍ਹਾਂ ਅਗੋਂ ਵੀ ਜੋ ਸੁਣਨ ਕਮਾਉਣਗੇ ਜਨਮ ਨੂੰ ਸੁਫਲਾ ਕਰ ਲੈਣਗੇ ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੇਠੇ ਸਪੁੱਤਰ

# ਬਾਬਾ ਸ੍ਰੀ ਚੰਦ ਜੀ ਉਦਾਸੀ

## ਦਾ ਜੀਵਨ ਬਿਰਤਾਂਤ

(ਵਲੋਂ ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ)

(ਪਿਛੋਂ ਤੋਂ ਅਗੇ)

## ਪ੍ਰੇਮ ਸਾਗਰ ਦੀ ਥਾਹ ਕਿਵੇਂ ਮਿਲੇ ?

ਇਸ ਮੇਲ ਮਿਲਾਪ ਦਾ ਦੋਹੀਂ ਪਾਸੀਂ ਜੋ ਅਸਰ ਹੋਇਆ ਉਹ ਲਿਖਾਰੀ ਦੀ ਸਮਝ ਅਤੇ ਕਲਮ ਦੀ ਲਿਖਣ ਸ਼ਕਤੀ ਤੋਂ ਬਾਹਰ ਹੈ। ਗੁਰੂ ਨਾਨਕ ਜੀ ਦੇ "ਅਥਾਹ ਗੁਣੀ ਸਾਗਰ" ਵਿੱਚ ਬੇਬੇ ਨਾਨਕੀ ਦੇ ਪ੍ਰੇਮ ਦਰਿਆ ਦੀ ਸਮਾਈ ਅਤੇ ਥਾਹ ਨੂੰ ਮੈਂ ਕੈਸੇ ਜਾਣ ਸਕਾਂ ? ਮੈਨੂੰ ਕੀ ਪਤਾ ਕਿ ਇਸ ਪਵਿਤ੍ਰ ਸੰਗਮ ਦੀ ਡੂੰਘਾਈ ਵਿੱਚ ਕੀ ੨ ਰਤਨ ਅਮੋਲ ਲੁਕੇ ਪਏ ਸਨ ? ਅਗਰ ਕੁਝ ਵੀ ਪਤਾ ਲੱਗ ਸਕਦਾ ? ਤਾਂ ਕਲਮ ਨੂੰ ਧੂਹ ਦਿੰਦਾ, ਅਤੇ ਪਾਠਕਾਂ ਤਾਂਈਂ ਸਰੂਰ ਵਿੱਚ ਭਰ ਦਿੰਦਾ। ਪਰ ਮੇਰੇ ਪਾਸੋਂ ਬੇਖਬਰੀ ਦੀਆਂ ਖਬਰਾਂ ਦੇਣੀਆਂ ਔਖੀਆਂ ਸਨ। ਨਹੀਂ ਦਿਤੀਆਂ ਜਾ ਸਕੀਆਂ। ਜੇ ਕੋਸ਼ਿਸ਼ ਵੀ ਕਰਦਾ ਤਾਂ ਫੋਕੀਆਂ ਭਾਸਦੀਆਂ। ਇਸ ਲਈ ਪਾਠਕਾਂ ਪਾਸੋਂ ਖਿਮਾਂ ਦਾ ਯਾਚਕ ਹਾਂ ਕਿ ਗੁਰੂ ਜੀ ਦਾ ਤੇ ਬੇਬੇ ਨਾਨਕੀ ਜੀ ਦਾ ਚਿਰਾਂ ਪਿਛੋਂ ਇਸ ਦਰਸ਼ਨ ਮਿਲਾਪ ਦਾ ਜ਼ਿਕਰ ਕੀਤਾ ਹੈ। ਪਰ ਉਨ੍ਹਾਂ ਦੇ ਅੰਦਰਲੇ ਰੱਸ ਰਹੇ ਰੱਸ ਸਵਾਦ ਨੂੰ ਦਸਣ ਤੋਂ ਅਸਮਰਥ ਰਿਹਾ ਹਾਂ।

ਗੁਰੂ ਨਾਨਕ ਜੀ–ਆਪਣੀ ਪਿਆਰੀ ਭੈਣ ਜੀ ਦਾ ਮਸਤੱਕ ਥੰਮ ਕੇ ਧੀਰਜ ਦੇ ਰਹੇ ਸਨ। ਮਾਨੋਂ ਅਪਣੇ ਬਚਨ (ਮੰਤਰਾਂ) ਨਾਲ ਇਨ੍ਹਾਂ ਦੇ ਵਿਛੋੜੇ ਦੇ ਭੂਤ ਨੂੰ ਹਟਾ ਰਹੇ ਹਨ। ਬੇਬੇ ਜੀ ਦੀ ਸਿਸਕੀ ਬੰਦ ਹੋਈ। ਅੱਖਾਂ ਪੂੰਝੀਆਂ ਤੇ ਖਿੜਾਉ ਵਿੱਚ ਆਏ। ਨੇਤਰ ਭਰ ਕੇ ਦਰਸ਼ਨ ਕੀਤੇ। ਤੇ ਹਥ ਘੁਮਾਂਦੇ ਆਖਿਆ–ਵੀਰ ਜੀਉ ! ਜੀ ਆਇਆਂ ਨੂੰ। ਸਦਕੇ ਵਾਰਨੇ ਜਾਵਾਂ, ਇਸ ਸੋਹਣੇ ਮੁੱਖੜੇ ਤੋਂ। ਚਿਰਾਂ ਪਿਛੋਂ ਵਿਖਾਇਆ ਏ। ਅਸੀਂ ਤਰਸਦੇ ਪਏ ਸੀ। ਮੇਰੇ ਨਿਰੰਕਾਰੀ ਵੀਰ ਜੀਉ ! ਫਿਰ ਵੀ ਸ਼ੁਕਰ ਹੈ, ਤੁਹਾਡਾ ਭਲਾ ਹੋਵੇ, ਜੋ ਆਏ ਹੋ। ਹੁਣ ਕਈ ਦਿਨਾਂ ਥੀਂ ਵਿਛੋੜਾ ਅਸੈਹ ਤੇ ਅਕੈਹ ਹੋ ਰਿਹਾ ਸੀ। ਅੰਦਰੋਂ ਅੰਦਰ ਧੁਖਦੀ ਪਈ ਸਾਂ। ਵੀਰ ਜੀਉ। ਅੱਜ ਦਾ ਦਿਨ ਵਡ-ਭਾਗੀ, ਜੋ ਆਪ ਆਏ ਹੋ। ਇਉਂ ਆਖਦੀ ੨ ਬੇਬੇ ਨਾਨਕੀ ਜੀ ਨੇ ਪਲੰਗ ਵਿਛਾਕੇ ਗੁਰਾਂ ਤਾਂਈਂ ਬਿਠਾਇਆ– ਇਹ ਮਹੀਨਾ ਭਾਦਰੋਂ ਦਾ ਅਤੇ ਸੰਮਤ ੧੫੭੧ ਬਿਕਰਮੀ ਦਾ ਸੀ। ਜਦ ਪੰਜ ਸਾਲ ਤੇ ਕੁਝ ਮਹੀਨੇ ਪਿਛੋਂ ਗੁਰੂ ਜੀ ਦੂਜੀ ਉਦਾਸੀ ਕਰਕੇ ਮੁਲਤਾਨਪੁਰ ਪਧਾਰੇ।

ਬੇਬੇ ਨਾਨਕੀ ਜੀ ਨੇ ਭਾਈ ਬਾਲਾ ਮਰਦਾਨ ਜੀ ਦਾ ਵੀ ਪੂਰਾ ੨ ਸਤਿਕਾਰ ਕੀਤਾ ਤੇ ਬਿਠਾਇਆ।

ਉਨ੍ਹਾਂ ਨੇ ਵੀ ਚਰਨ ਬੰਦਨਾਂ ਕੀਤੀ ਤੇ ਅਸੀਸਾਂ ਪਾਈਆਂ। ਬੇਬੇ ਨਾਨਕੀ ਜੀ ਨੇ ਪ੍ਰੇਮ ਭਰੇ ਬਚਨਾਂ ਨਾਲ ਆਪਣੀ ਅਵਸਥਾ ਨੂੰ ਗੁਰੂ ਜੀ ਸਾਹਮਣੇ ਰਖਿਆ। ਪਰ ਉਹ ਤਾਂ ਜਾਣੀ ਜਾਣ ਸਨ। ਪਹਿਲੇ ਹੀ ਸਮਝਦੇ ਸਨ, ਕਿ ਬੇਬੇ ਜੀ ਭਰੇ ਭਾਂਡੇ ਹਨ। ਇਨ੍ਹਾਂ ਦੇ ਪੂਰਬ ਜਨਮ ਦੇ ਪ੍ਰੇਮ ਅੰਕੁਰ ਪ੍ਰਗਟੇ ਹਨ। ਤਦੇ ਇਨ੍ਹਾਂ ਨੂੰ ਨਿਰੰਕਾਰ ਅਤੇ ਨਿਰੰਕਾਰੀ ਭਗਤਾਂ ਨਾਲ ਪਿਆਰ ਹੈ। ਗੁਰੂ ਜੀ ਜਾਣਦੇ ਸਨ, ਕਿ ਗ੍ਰਹਿਸਥੀ ਹੁੰਦਿਆਂ ਵੀ ਇਸਤ੍ਰੀ ਜਾਮੇ ਵਿੱਚ ਇਹ ਪੂਰਨ ਸੰਤ ਹਨ। ਤਦੇ ਹੀ ਗੁਰੂ ਜੀ ਦੇ ਦਿਲ ਵਿੱਚ ਵੀ ਆਪਣੀ ਮਾਂ ਪਿਉ ਜਾਂਈ ਭੈਣ ਦਾ ਪੂਰਾ ੨ ਮਾਣ ਸਤਿਕਾਰ ਸੀ, ਅਤੇ ਇਨ੍ਹਾਂ ਦੀਆਂ ਪ੍ਰੇਮ ਖਿਚਾਂ ਵਿੱਚ ਖਿਚੇ ਹੋਏ ਆਪ ਹਜ਼ਾਰਾਂ ਕੋਹਾਂ ਉਤੋਂ ਵੀ ਆ ਜਾਇਆ ਕਰਦੇ।

ਜੀਜਾ ਜੈ ਰਾਮ ਅਤੇ ਸ੍ਰੀ ਚੰਦ ਜੀ ਕਿਤੇ ਬਾਹਰ ਗਏ ਹੋਏ ਸਨ। ਇਨ੍ਹਾਂ ਨੇ ਸੁਣਿਆ ਤਾਂ ਖੁਸ਼ੀ ਵਿੱਚ ਇਉਂ ਉਮੰਡੇ ਆਏ ਜਿਵੇਂ ਭਰੇ ਹੋਏ ਚੰਨ ਵੱਲ ਸਮੁੰਦਰ ਦਾ ਪਾਣੀ ਉਭਰਦਾ ਹੈ। ਘਰ ਅਪੜ ਕੇ ਦਰਸ਼ਨ ਕੀਤੇ ਤਾਂ ਖਿੜ ਗਏ। ਜੈ ਰਾਮ ਜੀ ਚਰਨੀ ਝੁਕਣ ਲਗੇ ਤਾਂ ਗੁਰੂ ਜੀ ਨੇ ਜਫੀ ਪਾ ਕੇ ਛਾਤੀ ਨਾਲ ਲਾਏ ! ਫੇਰ ਸ੍ਰੀ ਚੰਦ ਜੀ ਨੇ ਪੂਜਿਯ ਪਿਤਾ ਜੀ ਦੇ ਚਰਨੀ ਸੀਸ ਰਖਿਆ। ਇਨ੍ਹਾਂ ਦੀਆਂ ਸੁਨੈਹਰੀ ਲਿਟਾਂ ਵਾਲਾ ਸੀਸ–ਗੁਰੂ ਦੇ ਚਰਨਾਂ ਨਾਲ ਜੁੜਿਆ ਇਉਂ ਭਾਸਿਆ ਜਿਉਂ "ਸ਼ਿਵ ਜੀ ਭਗਵਾਨ" ਨੇ ਸੱਪਾਂ ਵਲੇਟੇ ਸਿਰ ਨੂੰ "ਵਿਸ਼ਨੂੰ ਭਗਵਾਨ" ਦੇ ਚਰਨਾਂ ਉਤੇ ਰਖ ਕੇ ਸਨਿਮਰ ਚਰਨ ਬੰਦਨਾ ਕੀਤੀ ਹੋਵੇ।

ਇਥੇ ਮੈਂ (ਲਿਖਾਰੀ) ਨੇ ਇਉਂ ਲਿਖ ਕੇ ਕੀ–ਕੋਈ ਝੂਠ ਬੋਲਿਆ ? ਨਹੀਂ–ਉਹ ਸ਼ਿਵ-ਜੀ ਮਹਾਰਾਜ। ਜਿਹੜੇ ਵਿਸ਼ਨੂੰ ਭਗਵਾਨ ਦਾ ਨਿਤ ਧਿਆਨ ਧਰਦੇ ਅਤੇ ਜਿਨ੍ਹਾਂ ਦੇ ਚਰਨਾਂ ਦੇ "ਧੋਣ" ਚਰਨਾਂਮ੍ਰਿਤ (ਗੰਗਾ ਜਲ) ਨੂੰ ਸਦਾ ਸਿਰ ਵਿੱਚ ਰਖਦੇ ਹਨ ਉਹ "ਵਿਸ਼ਨੂੰ ਚਰਣ" ਉਨ੍ਹਾਂ ਦੇ ਸਾਹਮਣੇ ਹੋਵਣ ਤਾਂ ਕਿਉਂ ਨ ਨਿਮਸਕਾਰ ਕਰਨ ਤਿਵੇਂ ਹੀ ਸ਼ਿਵ ਸਰੂਪ–ਬਾਬਾ ਸ੍ਰੀ ਚੰਦ ਜੀ ਨੇ ਆਪਣਾ ਸੀਸ ਆਪਣੇ ਗੁਰੂ ਪਿਤਾ ਦੇ ਚਰਨੀ ਨਿਵਾ ਕੇ ਸਪੁੱਤਰ ਅਤੇ ਚੇਲਾ ਹੋਣ ਦਾ ਮਾਣ ਪ੍ਰਾਪਤ ਕੀਤਾ। ਗੁਰੂ ਜੀ ਨੇ ਇਨ੍ਹਾਂ ਨੂੰ ਵੀ ਉਠਾ ਕੇ ਸਤਿਕਾਰਿਆ–ਛਾਤੀ ਨਾਲ ਲਾਕੇ ਪਿਆਰ ਕੀਤਾ ਅਤੇ ਦੋਹਾਂ ਤਾਂਈ ਮੰਜੇ ਉਤੇ ਪਾਸ ਬਿਠਾਇਆ–

ਗੁਰੂ ਜੀ ਨੇ–ਸ੍ਰੀ ਚੰਦ ਜੀ ਦਾ ਰੰਗ ਰੂਪ–ਕੱਦ ਬੁੱਤ ਅਤੇ ਮਾਨਸਕ ਅਵਸਥਾ ਚੜ੍ਹਦੀ ਜਵਾਨੀ ਤੇ ਆਪਣੇ ਆਪ ਉਤੇ ਕਾਬੂ ਨੂੰ ਅਨਭਵ ਕਰ ਕੇ ਬਹੁਤ ਪ੍ਰਸੰਤਾ ਪ੍ਰਗਟ ਕੀਤੀ। ਗੁਰੂ ਜੀ ਨੂੰ ਨਿਸਚਾ ਹੋ ਗਿਆ ਕਿ ਇਨ੍ਹਾਂ ਦੇ ਜਾਏ ਨੇ ਆਪਣੀ ਮਾਨਸਿਕ ਰੁਚੀਆਂ ਉਤੇ ਕਾਬੂ ਪਾ ਕੇ ਇਨ੍ਹਾਂ ਵਾਂਗੂੰ ਹੀ ਰੱਬ ਦੇ ਰਾਹੇ ਚਲਾਣਾ ਚਲਾਣਾ ਸ਼ੁਰੂ ਕਰ ਦਿਤਾ ਹੈ। ਆਪ ਵਾਰ ਵਾਰ ਸ੍ਰੀ ਚੰਦ ਜੀ ਵੱਲ ਵੇਖਦੇ ਤੇ ਇਨ੍ਹਾਂ ਦਾ ਸਾਦਗੀ ਨੂੰ ਦਿਲੋਂ ਸਲਾਹੁੰਦੇ ਹੋਏ ਮੁਸਕਰਾ ਰਹੇ ਸਨ।–

ਰਾਤ ਵੀ ਹੋ ਆਈ। ਬੇਬੇ ਜੀ–ਅਤੇ ਤੁਲਸਾਂ ਦਾਸੀ ਨੇ ਪ੍ਰੇਮ ਵਿੱਚ ਮਤਿਆਂ ਛੇਤੀ ਛੇਤੀ ਪ੍ਰਸ਼ਾਦਾ–ਤਿਆਰ ਕੀਤਾ ਤੇ ਛਕਾਇਆ। ਬਾਲਾ ਮਰਦਾਨਾ ਜੀ ਨੇ ਆਰਾਮ ਕੀਤਾ। ਗੁਰੂ ਜੀ ਨੇ ਆਪਣੀ ਭੈਣ ਅਤੇ ਜੀਜਾ ਜੀ ਪਾਸੋਂ ਵੀ ਦੁਖ ਸੁਖ ਦੀਆਂ ਬਹੁਤ ਗੱਲਾਂ ਸੁਣੀਆਂ। ਪਖੋਕੇ ਅਤੇ ਤਲਵੰਡੀ ਦਾ ਹਾਲ ਵੀ ਬੇਬੇ ਜੀ ਨੇ ਸੁਣਾਏ।

ਬੇਬੇ ਨਾਨਕੀ ਜੀ ਨੇ ਬੇਨਤੀ ਕਰਦੇ ਆਖਿਆ–ਕਿ ਮਾਤਾ ਪਿਤਾ ਜੀ ਦੇ ਦਿਲ ਵੀ ਬਹੁਤ ਤੜਪਦੇ ਪਏ ਹਨ। ਇਸੇ ਤਰ੍ਹਾਂ ਸੁਲਖਣੀ ਅਤੇ ਲਖਮੀ ਚੰਦ ਵੀ ਉਡੀਕਦੇ ਤਰਸਦੇ ਹਨ। ਉਨ੍ਹਾਂ ਉਤੇ ਵੀ ਮੇਹਰ ਕਰੋ ਤੇ ਦਰਸ਼ਨ ਦੇਵੋ। ਸਤਿਗੁਰਾਂ ਨੇ ਫੁਰਮਾਇਆ : ਅਜਿਹਾ ਸਮਾਂ ਵੀ ਆਉਣ ਵਾਲਾ ਹੈ, ਜ਼ਰੂਰ ਦਰਸ਼ਨ ਮੇਲੇ ਹੋਣਗੇ।

ਸਤਿਗੁਰੂ ਜੀ ਨੇ ਇਸ ਵਾਰੀ ਵੀ ਸ੍ਰੀ ਚੰਦ ਜੀ ਪਾਸੋਂ ਇਕਾਂਤ ਬਿਠਾ ਕੇ ਕੁਝ ਪੁਛਾਂ ਕੀਤੀਆਂ ਤੇ

ਲਖਮੀ ਚੰਦ ਬਾਬਤ ਵੀ ਸਮਝਾਇਆ। ਗੁਰੂ ਜੀ ਨੇ ਸ੍ਰੀ ਚੰਦ ਜੀ ਦੀ ਮਾਨਸਿਕ ਬ੍ਰਿਤੀ ਦਾ ਝੁਕਾਉ ਫਕੀਰੀ ਤੇ ਤਿਆਗ ਵੱਲ ਵਧੇਰੇ ਡਿਠਾ, ਤਾਂ ਇਸ ਨਿਰਬਾਣ ਮਾਰਗ ਦੀਆਂ ਡੂੰਘੀਆਂ ਰਮਜ਼ਾਂ (ਅਗਮ ਨਿਗਮ ਦੇ ਭੇਤਾਂ) ਥੀਂ ਜਾਣੂੰ ਕਰਾਇਆ ਅਤੇ ਸਿਮਰਨ ਭਜਨ ਦੇ ਨਾਲ ਹੋਰ ਵਧੇਰੇ ਵਿਦਿਆ ਪ੍ਰਾਪਤੀ ਕਰਨ ਨੂੰ ਕਿਹਾ। ਬਾਬਾ ਸ੍ਰੀ ਚੰਦ ਇਸ ਵੇਲੇ ੨੪ ਸਾਲਾਂ ਦੇ ਸਨ ਅਤੇ ਵਿਦਿਆ ਸਬੰਧੀ ਗੁਰੂ ਜੀ ਦੇ ਆਪਣੇ ਵਿਚਾਰ ਇਹ ਹਨ–

ਪ੍ਰਭਾਤੀ ਮਹਲਾ ੧–ਗੁਰ ਪ੍ਰਸ਼ਾਦੀ ਵਿਦਿਆ ਵੀਚਾਰੈ ਪੜ ਪੜ ਪਾਵੈ ਮਾਨ ਆਪਾ ਮਧੇ ਆਪ ਪ੍ਰਗਾਸਿਆ ਪਾਇਆ ਅੰਮ੍ਰਿਤ ਨਾਮ। (ਪੰਨਾ ੧੩੨੯)

ਕਿਉਂਕਿ ਵਿਦਿਆ ਕਰ ਕੇ ਹੀ ਬਿਬੇਕ ਬੁਧੀ ਅਤੇ ਬਿਬੇਕ ਬੁਧੀ ਹੋਣ ਤੇ ਹੀ ਮਨੁਖ ਆਪਣੇ ਆਪ ਨੂੰ ਅਤੇ ਅੰਮ੍ਰਿਤ ਨਾਮ ਸਿਮਰਨ ਦੇ ਮਹਤਵ ਨੂੰ ਸਮਝ ਸਕਦਾ ਹੈ। ਇਉਂ ਬਹੁਤ ਕੁਝ ਸਮਝਾ ਕੇ ਗੁਰੂ ਜੀ ਨੇ ਥੋੜਾ ਅਰਾਮ ਕੀਤਾ ਅਤੇ ਪਹਿਰ ਰਾਤ ਰਹਿੰਦੀ ਨੂੰ ਫੇਰ ਸ੍ਰੀ ਚੰਦ ਜੀ ਨੂੰ ਨਾਲ ਲੀਤੇ ਵਈਂ ਵਿੱਚ ਜਾ ਕੇ ਇਸ਼ਨਾਨ ਪਾਇਆ। ਇਥੇ ਬਹੁਤ ਚਿਰ ਸਿਮਰਨ ਧਿਆਨ ਵਿੱਚ ਜੁੜੇ ਰਹੇ, ਅਤੇ ਦਿਨ ਚੜ੍ਹੇ ਨੂੰ ਘਰ ਆਏ।

ਇਧਰ ਨਗਰ ਵਾਸੀ ਉਡੀਕਦੇ ਸਨ। ਗੁਰੂ ਜੀ ਨੇ ਖੁਲ੍ਹੀ ਥਾਂ ਦੀਵਾਨ ਸਜਾ ਕੇ ਅਭਿਲਾਖੀਆਂ ਨੂੰ ਆਪਣੇ ਦਰਸ਼ਨ ਉਪਦੇਸ਼ਾਂ ਨਾਲ ਨਿਹਾਲ ਕੀਤਾ। ਇਸੇ ਤਰ੍ਹਾਂ ਕੁਝ ਦਿਨ ਇਥੇ ਰਹਿ ਕੇ ਬੇਬੇ ਜੀ ਦੀ ਪ੍ਰਸੰਨਤਾ ਪਾਈ ਅਤੇ ਸਾਰਿਆਂ ਨੂੰ ਸਤਿ ਕਰਤਾਰ ਸੁਣਾ ਕੇ ਤੀਜੀ ਉਦਾਸੀ ਨੂੰ ਫੇਰ ਚਾਲੇ ਪਾ ਦਿਤੇ।

## ਤੀਜੀ ਉਦਾਸੀ ਥੀਂ ਪਿਛੋਂ ਦੇ ਹਾਲ

ਗੁਰੂ ਜੀ ਵਲੋਂ ਆਪਣੀ ਭੈਣ ਤੇ ਜੀਜਾ ਜੀ ਨੂੰ ਇਹ ਅਖੀਰ ਦੇ ਦਰਸ਼ਨ ਸਨ। ਸੁਲਤਾਨਪੁਰ ਥੀਂ ਗੁਰੂ ਜੀ ਦੇ ਚਲੇ ਜਾਣ ਪਿਛੋਂ ਲਗਭਗ ਤਿੰਨ ਸਾਲ ਬਾਬਾ ਸ੍ਰੀ ਚੰਦ ਜੀ ਨੇ ਇਥੇ ਸਿਮਰਨ ਅਭਿਆਸ ਦੇ ਨਾਲ ਨਾਲ ਧਰਮ ਪੁਸਤਕਾਂ ਦਾ ਅਧੇਨ ਵੀ ਕੀਤਾ। ਪਰ ਭਾਣਾ ਕਰਤਾਰ ਦਾ ਸੱਤ ਹੋਣਾ ਸੀ ਕਿ ਸੰਮਤ ੧੫੭੫ ਦੇ ਸ਼ੁਰੂ ਵਿੱਚ ਥੋੜੇ ਥੋੜੇ ਦਿਨਾਂ ਦੀ ਵਿੱਥ ਨਾਲ ਸ੍ਰੀ ਜੈ ਰਾਮ ਤੇ ਬੇਬੇ ਨਾਨਕੀ ਜੀ ਚੜ੍ਹਾਈ ਕਰ ਗਏ। ਇਨ੍ਹਾਂ ਦੀ ਅੰਤਮ ਸੰਭਾਲ ਮਗਰੋਂ ਬਾਬਾ ਸ੍ਰੀ ਚੰਦ ਜੀ ਨੇ ਪਖੋਕੇ ਆ ਕੇ ਸਾਰਾ ਹਾਲ ਸੁਣਾਇਆ ਤਾਂ ਮਾਤਾ ਸੁਲਖਣੀ ਜੀ ਨੂੰ ਬਹੁਤ ਦੁਖ ਹੋਇਆ। ਪਰ ਕਰਤਾਰ ਦੀ ਰਜ਼ਾ ਮੰਨ ਕੇ ਸਬਰ ਕੀਤਾ ਤੇ ਬੇਬੇ ਜੀ ਦੇ ਗੁਣਾਂ ਨੂੰ ਚਿਤਾਰਦੇ ਰਹੇ।

ਬਾਬਾ ਸ੍ਰੀ ਚੰਦ ਜੀ ਦੀ ਲਗਨ ਅੱਜ ਕਲ ਧਰਮ ਪੁਸਤਕਾਂ ਦੇ ਪੜ੍ਹਨ ਵੱਲ ਬਹੁਤੀ ਸੀ। ਇਥੇ ਪਖੋਕੇ ਥੋੜੇ ਦਿਨ ਹੀ ਰਹੇ। ਪਿਤਾ ਜੀ ਵਲੋਂ ਸ੍ਰੀ ਲਖਮੀ ਚੰਦ ਬਾਬਤ ਹੋਈ ਗੱਲ ਬਾਤ ਵੀ ਮਾਤਾ ਜੀ ਨੂੰ ਦਸੀ ਤੇ ਉਨ੍ਹਾਂ ਦੀ ਆਗਿਆ ਪਾ ਕੇ ਲਖਮੀ ਚੰਦ ਨੂੰ "ਬਾਰਠ" ਮਾਮਾ ਕ੍ਰਿਸ਼ਨਾਂ ਜੀ ਦੇ ਜਾ ਛਡਿਆ, ਅਤੇ ਆਪ ਵਧੇਰੇ ਵਿਦਿਆ ਪ੍ਰਾਪਤੀ ਦੀ ਸ਼ੌਕ ਵਿੱਚ ਇਧਰੋਂ ਹੀ ਅਗੇ ਨੂੰ ਚਾਲੇ ਪਾ ਦਿਤੇ। ਆਪ ਜੀ ਜੰਮੂੰ ਦੇ ਰਸਤੇ ਵੈਸ਼ਨੋ ਦੇਵੀ ਥੀਂ ਹੁੰਦੇ ਹੋਏ "ਅਮਰ ਨਾਥ" ਦੀ ਯਾਤਰੂ ਮੰਡਲ ਨਾਲ ਰਲ ਕੇ ਸੰਮਤ ੧੫੭੫ ਦੇ ਸਾਵਣ ਤੀਕ ਸ੍ਰੀ ਨਗਰ ਜਾ ਅਪੜੇ ਅਤੇ ਇਥੋਂ ਦੇ ਮਸ਼ਹੂਰ "ਪੰਡਤ ਪ੍ਰਸ਼ੋਤਮ ਦਾਸ" ਪਾਸੋਂ ਵੇਦ ਪੜਨੇ ਸ਼ੁਰੂ ਕੀਤੇ।

ਬਾਬਾ ਸ੍ਰੀ ਚੰਦ ਜੀ ! ਜੋ ਪਹਿਲੇ ਹੀ ਆਪਣੇ ਪਿਤਾ ਗੁਰੂ ਦੀਆਂ ਬਖਸ਼ਸ਼ਾਂ ਤੇ ਅਸੀਸਾਂ ਦੇ ਪਾਤਰ ਸਨ, ਇਹ ਅਨਭਵੀ ਵਿਦਵਾਨ ਤੇ ਬ੍ਰਹਮ ਦਰਸੀ ਮਹਾਤਮਾ ਸਨ। ਇਥੇ ਸ੍ਰੀ ਨਗਰ ਵਿੱਚ ਰਹਿ ਕੇ ਢਾਈ ਸਾਲ ਵਿੱਚ ਹੀ

ਬਹੁਤ ਕੁਝ ਵੇਦਾਂ ਦੇ ਗਿਆਤਾ ਵੀ ਹੋ ਚੁਕੇ ਸਨ, ਜਿਸ ਤੇ ਇਨ੍ਹਾਂ ਨਾਲ ਬ੍ਰਹਮ ਚਰਚਾ ਕਰਕੇ ਵਿਦਵਾਨ ਲੋਕੀ ਆਪਣੇ ਆਪ ਨੂੰ ਧਨਭਾਗੀ ਜਾਣਦੇ ਹੁੰਦੇ ਸਨ। ਜੈਸਾ ਕਿ ਅਮਰ ਨਾਥ ਦੀ ਯਾਤਰਾ ਥੀਂ ਵਾਪਸ ਆ ਕੇ ਇਥੇ ਇਨ੍ਹਾਂ ਨਾਲ ਕਿ ਮਹਾਤਮਾ 'ਅਬਨਾਸ਼ੀ ਮੁਨੀ' ਜੀ ਨੇ ਸ਼ਾਸਤ੍ਰਾਰਥ ਅਤੇ ਬ੍ਰਹਮ ਚਰਚਾ ਕੀਤੀ, ਉਹ ਇਨ੍ਹਾਂ ਦੀ ਅਨਭਵੀ ਵਿਦਿਆ ਅਤੇ ਨਿਰਬਾਣ ਬ੍ਰਿਤੀ ਨੂੰ ਵੇਖ ਕੇ ਖੁਸ਼ ਹੋਇਆ ਤੇ ਬਹੁਤ ਸ਼ਲਾਘਾ ਕਰਦੇ ਆਖਿਆ ਕਿ ਤੁਸਾਡੇ ਪਿਤਾ ਗੁਰੂ ਜੀ ਨੇ ਤਾਂ ਉਪਕਾਰ ਦੇਸ ਸੁਧਾਰ ਹਿਤ ਜੀਵਣ ਹੀ ਸਮਰਪਣ ਕਰ ਰਖਿਆ ਹੈ। ਤੁਸੀਂ ਵੀ ਉਨ੍ਹਾਂ ਦੇ ਨਿਸ਼ਾਨੇ ਨੂੰ ਸਾਹਮਣੇ ਰਖਨਾ ਤੇ ਜੀਵਨ ਬਿਤਾਣਾ ਹੈ। ਆਪ ਜੈਸੇ ਮਹਾਨ ਵਿਦਵਾਨ ਅਤੇ ਬ੍ਰਹਮ ਦਰਸੀਆਂ ਉਤੇ ਹੀ ਸਮਾਜ ਨੂੰ ਮਾਣ ਤੇ ਆਸਾਂ ਹੁੰਦੀਆਂ ਹਨ ਕਿ ਸਾਡੀ ਅਗਵਾਈ ਕਰਨਗੇ ਵ ਧਰਮ ਨੂੰ ਸਥਾਪਤ ਰਖਣਗੇ।

ਅਬਨਾਸ਼ੀ ਮੁਨੀ ਇਹ ਕੁਝ ਆਖਦਾ ਹੋਇਆ ਬਾਰ ਬਾਰ ਇਨ੍ਹਾਂ ਦੇ ਸਜੇ ਕੰਨ ਦੀ ਜਮਾਂਦਰੂ ਮੁੰਦ੍ਰਾਂ ਅਤੇ ਸੀਸ ਦੀ ਜਟਾਂ–ਸਾਬਤ ਸੂਰਤ ਨੂੰ ਵੇਖ ਵੇਖ ਇਨ੍ਹਾਂ ਨੂੰ ਸ਼ਿਵ ਸਰੂਪ ਅਨਭਵ ਕਰਦੇ ਸਨ, ਅਤੇ ਜਿਤਨੇ ਦਿਨ ਫੇਰ ਇਕਠੇ ਰਹੇ–ਇਹ ਬਾਬਾ ਸ੍ਰੀ ਚੰਦ ਜੀ ਨੂੰ ਚੰਦ੍ਰ ਮੌਲੀ (ਸ਼ਿਵਜੀ) ਦੇ ਨਾਮ ਨਾਲ ਹੀ ਬੁਲਾਂਦੇ ਅਤੇ ਸਤਿਕਾਰਦੇ ਰਹੇ ਕਿਉਂਕਿ ਇਕ ਪੁਰਾਨਿਕ ਕਥਾ ਵੀ ਹੈ–ਕਿ ਸ਼ਿਵਜੀ ਮਹਾਰਾਜ ਨੇ ਆਪਣੇ ਖਬੇ ਕੰਨ ਦੀ ਮੁੰਦ੍ਰਾਂ ਗੋਰਖ ਜਤੀ ਨੂੰ ਦੇ ਕੇ ਆਪਣਾ ਚੇਲਾ ਬਣਾਇਆ ਸੀ। ਤਦ ਤੋਂ ਸ਼ਿਵ ਦੇ ਸਜੇ ਕੰਨ ਵਿੱਚ ਇਕੋ ਮੁੰਦ੍ਰਾ ਰਹੀ ਸੀ, ਤੇ ਸ੍ਰੀ ਚੰਦ ਜੀ ਕੁਦਰਤੀ ਸਜੇ ਕੰਨ ਦੀ ਮੁੰਦ੍ਰਾਂ ਸਮੇਤ ਜਨਮੇ ਸਨ। ਜੈਸਾ ਕਿ ਕਈਆਂ ਦੀਆਂ ਜਮਾਂਦਰੂ ਉਂਗਲਾਂ ਛੇ ਵੇਖੀਆਂ ਗਈਆਂ ਹਨ। ਇਸ ਅਨੁਮਾਨ ਤੇ ਵੀ ਕਈ ਲੋਕੀ ਇਨ੍ਹਾਂ ਨੂੰ ਸ਼ਿਵ ਅਵਤਾਰ ਹੀ ਜਾਣਦੇ ਸਨ।

ਸੁਲਤਾਨਪੁਰ ਥੀਂ ਤੀਜੀ ਉਦਾਸੀ ਸੰਮਤ ੧੫੭੨ ਦੇ ਲਗ ਭਗ ਗੁਰੂ ਜੀ ਨੇ ਉਤਰ ਵੱਲ ਦੀ ਸ਼ੁਰੂ ਕੀਤੀ ਸੀ। ਕਈ ਥਾਂ ਦੇ ਲੋਕਾਂ ਨੂੰ ਤਾਰਦੇ ਤਾਰਦੇ ਆਪ ਜੀ ਸਮੇਰੂ ਪ੍ਰਬਤ ਉਤੇ ਜਾ ਬਿਰਾਜੇ ਸਨ। ਜਿਥੇ ਕਿ ਸਿਧ ਮੰਡਲੀ ਨਾਲ ਆਪ ਦੀ ਚਰਚਾ ਹੋਈ ਅਤੇ ਸ਼ਬਦ ਵਿਚਾਰ ਨਾਲ ਗੁਰੂ ਜੀ ਨੇ ਉਨ੍ਹਾਂ ਉਤੇ ਵਿਜੈ ਪਾਈ। ਫੇਰ ਆਪ ਮਾਨ ਸਰੋਵਰ ਥੀਂ ਪਿਛਾਂ ਨੂੰ ਪਰਤ ਕੇ ਨਿਪਾਲ-ਸਿਕਮ ਭੂਟਾਨ ਥੀਂ ਹੁੰਦੇ ਹੋਏ ਤਿਬਤ ਰਾਹੀਂ ਚੀਨ ਵਿੱਚ ਜਾ ਅਪੜੇ ਸਨ।

ਨੋਟ (ਉਥੇ ਚੀਨ ਨਾਨਕਿਨ ਵਿੱਚ ਹੁਣ ਤੀਕ ਧਰਮਸਾਲਾ ਮੰਨੀ ਜਾਂਦੀ ਹੈ ਤੇ ਇਸ ਕਰ ਕੇ ਹੀ ਚੀਨੀ ਲੋਕ ਆਪ ਦੀ ਮਾਨਤਾ ਕਰਦੇ ਸ੍ਰੀ ਅੰਮ੍ਰਿਤਸਰ ਆਉਂਦੇ ਅਤੇ ਵਾਹਿਗੁਰੂ ਮੰਤਰ ਨੂੰ ਜਪਦੇ ਹੁੰਦੇ ਹਨ। ਚੀਨ ਤੋਂ ਹੋ ਕੇ ਗੁਰੂ ਜੀ ਫੇਰ ਤਿਬਤ ਰਾਹੀਂ ਪਿਛਾਂ ਨੂੰ ਮੁੜੇ ਅਤੇ ਸੰਮਤ ੧੫੭੭ ਦੇ ਵਿਚਾਲੇ ਤੀਕ ਕਸ਼ਮੀਰ ਵਿੱਚ ਆਣ ਅਪੜੇ ਸਨ। ਪਰ ਆਪ ਜੀ ਦੇ ਇਥੇ ਔਣ ਥੀਂ ਪਹਿਲੇ ਹੀ ਆਪਦੇ ਸ੍ਰੀ ਚੰਦ ਜੀ ! ਸ੍ਰੀ ਨਗਰ ਦੋ ਢਾਈ ਸਾਲ ਰਹਿਣ ਮਗਰੋਂ ਮੁੜ 'ਬਾਰਠ' ਵਿੱਚ ਆਪਣੇ ਭਰਾਤਾ ਸ੍ਰੀ ਲਖਮੀ ਚੰਦ ਜੀ ਪਾਸ ਜਾ ਚੁਕੇ ਸਨ।

ਗੁਰੂ ਜੀ ਇਥੋਂ ਕਸ਼ਮੀਰ (ਸ੍ਰੀ ਨਗਰ) ਥੀਂ ਇਸੇ ਪਹਾੜੀ ਰਸਤੇ ਜੰਮੂੰ ਵਿੱਚ ਆਏ। ਫੇਰ ਤਵੀ ਨਦੀ ਪਾਰ ਕੀਤੀ ਤੇ ਸਿਆਲਕੋਟ ਵਜ਼ੀਰਾਬਾਦ ਤੇ ਲਾਗੇ ਦੇ ਲੋਕਾਂ ਨੂੰ ਨਿਹਾਲ ਕਰਦੇ ਹੋਏ ਆਪ ਜੀ ਸੰਮਤ ੧੫੭੮ ਦੇ ਸ਼ੁਰੂ ੨ ਦੂਜੀ ਵਾਰ ਐਨਮਾਂਬਾਦ ਵਿੱਚ ਆਏ। ਇਥੇ ਆਪਣੇ ਮਿਤ੍ਰ ਭਾਈ ਲਾਲੋ ਜੀ ਪਾਸ ਆਸਨ ਰਖਿਆ ਅਤੇ ਸੰਮਤ ੧੫੫੮ ਦਾ ਉਹਨੂੰ ਦਿਤਾ ਬਚਨ ਪੂਰਾ ਕੀਤਾ।

ਜਦ–੧੫੫੮ ਵਿੱਚ ਪਹਿਲੀ ਉਦਾਸੀ ਸੁਲਤਾਨਪੁਰ ਤੋਂ ਚਲਕੇ ਕਈ ਥਾਂ ਹੁੰਦੇ ਹੋਏ ਸੈਦਪੁਰ (ਐਮਨਾ

ਬਾਦ) ਤਕਰੀਬਨ ੨੫ ਦਿਨ ਭਾਈ ਲਾਲੋ ਪਾਸ ਆ ਕੇ ਰਹੇ ਸਨ। ਉਹਦੀ ਖਾਹਸ਼ ਸੀ ਕਿ ਗੁਰੂ ਜੀ ਇਥੇ ਪੂਰਾ ਇਕ ਮਹੀਨਾ ਹੋਰ ਟਿਕਣ ਪਰ ਗੁਰੂ ਜੀ ਨੇ ਕਿਹਾ–ਇਹ ਕਸਰ ਸਮਾਂ ਔਣ ਤੇ ਪੂਰੀ ਕਰਾਂਗੇ। ਆਪ ਏਸ ਕਾਰਣ ਹੁਣ ਫੇਰ ਆਏ !

# ਗੁਰੂ ਨਾਨਕ ਜੀ ਮੁੜ ਐਮਨਾਬਾਦ ਆਏ

ਸਤਿਗੁਰੂ ਅੰਤਰਜਾਮੀ ਸਨ। ਉਹ ਸਮਾਂ ਹੋ ਆਇਆ। ਆਪ ਜਾਣ ਗਏ ਸਨ ਕਿ ਸਾਡੇ ਪਹਿਲੇ ਕੀਤੇ "ਭਵਿਖ ਬਚਨ"–ਪੂਰੇ ਹੋਣ ਦਾ ਸਮਾਂ ਆ ਗਿਆ ਹੈ–ਅਤੇ ਦੁਖੀਆਂ ਦੀ ਸਹਾਇਤਾ ਵੀ ਕਰਨੀ ਹੈ। ਇਸ ਤੇ ਆਪ ਜੀ ਆਏ। ਇਹ ਜ਼ਿਕਰ ਇਉਂ ਹੈ ਕਿ ਗੁਰੂ ਜੀ ਜਦੋਂ ਪਹਿਲੀ ਵੇਰ ਏਮਨਾਂਬਾਦ ਵਿੱਚ ਆਏ ਸਨ। ਇਥੇ ਪਠਾਣਾਂ ਦੀ ਹਕੂਮਤ ਸੀ, ਤੇ ਇਸ ਨਸ਼ੇ ਵਿੱਚ ਇਹ ਲੋਭੀ ਬਦਮਸਤ ਤੇ ਫਿਟੇ ਹੋਏ ਸਨ। ਇਕ ਦਿਨ ਮਧੂਕੜੀ ਮੰਗਣ ਗਿਆ ਮਰਦਾਨਾ ਭੁਲੇਖੇ ਨਾਲ ਇਕ ਪਠਾਣ ਦੇ ਘਰ ਜਾ ਵੜਿਆ। ਉਸ ਨੇ ਹਿੰਦੂ ਕਾਫਰ ਜਾਣ ਕੇ ਬਹੁਤ ਮਾਰਿਆ। ਇਹ ਰੋਂਦਾ ਹੋਇਆ ਮੁੜ ਆਇਆ। ਗੁਰੂ ਜੀ ਨੇ ਧੀਰਜ ਦਿਤਾ ਤੇ ਜੋ ਕੁਝ ਅਗੂੰ ਇਨ੍ਹਾਂ ਫਿਟੇ ਪਠਾਣਾਂ ਦੇ ਆਪਣੇ ਨਾਲ ਵਾਪਰਨ ਵਾਲਾ ਸੀ ਗੁਰੂ ਜੀ ਨੂੰ ਪਹਿਲੇ ਹੀ ਸੁਝ ਗਿਆ–ਉਥੇ ਹੀ ਸਾਹਮਣੇ ਬੈਠੇ ਭਾਈ ਲਾਲੋ ਜੀ ਨੂੰ ਸੁਣਾਕੇ ਤਿਲੰਗ ਰਾਗ ਵਿੱਚ ਇਹ ਸ਼ਬਦ ਉਚਾਰਿਆ ਸੀ :–

ਤਿਲੰਗ ਮਹਲਾ ੧

ਜੈਸੀ ਮੈਂ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।<br>
ਪਾਪ ਕੀ ਜੰਜ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ।

(ਸ੍ਰੀ ਗੁਰੂ ਗ੍ਰੰਥ ਸਾਹਿਬ)

ਹੁਣ ਸੰਮਤ ੧੫੭੮ ਵਿੱਚ ਮੁਗਲ ਬਾਬਰ ਤੀਜੀ ਵੇਰ ਫੇਰ ਹਿੰਦੁਸਤਾਨ ਉਤੇ ਚੜ੍ਹ ਆਇਆ ਸੀ। ਇਹ ਰਾਹ ਦੇ ਸ਼ਹਿਰਾਂ ਨੂੰ ਲੁੱਟਦਾ ਪੁੱਟਦਾ ਲਾਹੌਰ ਨੂੰ ਵਧਿਆ ਜਾ ਰਿਹਾ ਸੀ ਤਾਂ ਇਹ ਦੇ ਆਉਣ ਥੀਂ ਕੁਝ ਦਿਨ ਹੀ ਪਹਿਲੇ ਗੁਰੂ ਜੀ ਐਮਨਾਬਾਦ ਆਏ ਅਤੇ ਭਾਈ ਲਾਲੋ ਜੀ ਨੇ ਜਿਥੇ ਆਪ ਜੀ ਦੇ ਦਰਸ਼ਨ ਪ੍ਰਾਪਤੀ ਵਿੱਚ ਖੁਸ਼ੀ ਪ੍ਰਗਟ ਕੀਤੀ ਉਥੇ ਝੋਖਾ ਵੀ ਝੁਖਿਆ ਅਤੇ ਦਸਿਆ ਕਿ ਹੁਣ ਆਪ ਦੇ ਤੀਜੀ ਵੇਰ ਜਾਣ ਦੇ ਤਿੰਨ ਸਾਲ ਮਗਰੋ 'ਬੇਬੇ ਨਾਨਕੀ ਅਤੇ ਜੈ ਰਾਮ ਜੀ' ਚਲਾਣਾ ਕਰ ਗਏ ਹਨ। ਗੁਰੂ ਜੀ ਤਾਂ ਅੰਤਰਜਾਮੀ ਜਾਣਦੇ ਤਾਂ ਸਨ ਪਰ ਕਿਸੇ ਨੂੰ ਦਸਿਆ ਨਹੀਂ ਸੀ। ਸ੍ਰੀ ਲਾਲੋ ਪਾਸੋਂ ਸੁਣਕੇ ਭਾਈ ਬਾਲਾ ਮਰਦਾਨਾ ਜੀ ਨੇ ਸ਼ੋਕ ਪ੍ਰਗਟ ਕੀਤਾ। ਪਰ ਗੁਰੂ ਜੀ ਨੇ ਫੁਰਮਾਇਆ ਉਸ ਪੈਂਡੇ ਸਾਰਿਆਂ ਨੇ ਵਾਰੋ ਵਾਰੀ ਚਲਣਾ ਹੈ। ਫੇਰ ਸ਼ੋਕ ਕਾਹਦਾ ? ਸਗੋਂ ਉਹ ਤਾਂ ਸਚੇ ਟਿਕਾਣੇ ਅਪੜ ਕੇ ਜੋਤੀ ਨਾਲ ਜੋਤ ਰਲ ਗਏ ਹਨ। ਇਉਂ ਧੀਰਜ ਦੇ ਕੇ ਗੁਰੂ ਜੀ ਲਾਲੋ ਪਾਸ ਰਹੇ।

ਉਧਰ ਬਾਬਰ ਦੀ ਫੌਜੀ ਧਾੜ ਜਦ ਐਮਨਾਬਾਦ ਦੇ ਨੇੜੇ ਆਈ ਤਾਂ ਗੁਰੂ ਜੀ ਭਾਈ ਲਾਲੋ ਨੂੰ ਸ਼ਹਿਰ ਛੋੜ ਬਾਹਰ ਜਾ ਰਹਿਣ ਨੂੰ ਆਖਿਆ–ਪਠਾਣਾਂ ਨੇ ਮੁਗਲਾਂ ਦੀ ਈਨ ਨ ਮੰਨੀ ਜਿਸ ਤੇ ਉਨ੍ਹਾਂ ਨੇ ਲੁਟ ਪੁਟਕੇ ਸ਼ਹਿਰ ਨੂੰ ਬਰਬਾਦ ਕਰ ਦਿਤਾ। ਨਾਲੇ ਹਿੰਦੂ ਮੁਸਲਮਾਨ ਤੀਵੀਆਂ ਦੀ ਬੇਪਤੀ ਕੀਤੀ। ਕਈ ਵਿਧਵਾ ਹੋ ਗਈਆਂ ਤੇ ਕਈਆਂ ਨੂੰ ਉਹ ਪਕੜ ਲੈ ਟੁਰੇ। ਚੁਗਲਾਂ ਦੀ ਚੁਗਲੀ ਕਰਨ ਤੇ ਬਾਬਰ ਨੇ ਪਠਾਣਾਂ ਦੇ ਕਈ ਹਾਮੀ ਪੀਰ ਫਕੀਰ ਵੀ ਬੰਨ ਲੀਤੇ ਜੋ ਪਠਾਣਾਂ ਦੇ ਹਕ ਵਿੱਚ ਦੁਆਈ (ਅਰਦਾਸਾਂ) ਅਤੇ ਮੁਗਲਾਂ ਦੇ ਖਿਲਾਫ ਬਦ-ਦੁਆਈ ਦੇਂਦੇ ਸਨ

ਸਨ। ਇਸੇ ਸ਼ਕ ਵਿੱਚ ਗੁਰੂ ਨਾਨਕ ਦੇਵ ਅਤੇ ਬਾਲਾ ਮਰਦਾਨਾ ਵੀ ਕੈਦ ਕੀਤੇ ਗਏ ਅਤੇ ਇਨ੍ਹਾਂ ਦੇ ਸਿਰ ਉਤੇ ਵੀ ਪੰਡਾਂ ਚੁਕਾ ਕੇ ਅਗੇ ਨੂੰ ਲਾਇਆ ਗਿਆ। ਪਰ ਲੋਕਾਂ ਨੂੰ ਇਉਂ ਦਿਸਿਆ ਕਿ ਬੋਝ ਤਾਂ ਇਨ੍ਹਾਂ ਦੇ ਸਿਰ ਤੋਂ ਉਚੇ ਉਚੇ ਹੀ ਜਾਂਦੇ ਦਿਸਦੇ ਹਨ। ਇਹ ਰੀਪੋਟ ਬਾਬਰ ਪਾਸ ਹੋਈ।

ਗੁਰੂ ਜੀ ਆਪਣੀ ਅਖੀਂ ਕਈ ਬੇਗੁਨਾਹ ਤੇ ਗਰੀਬਾਂ ਲੋਕਾਂ ਉਤੇ ਇਹ ਕਹਿਰ ਹੋਇਆ ਵੇਖ ਕੇ ਦਰਦ ਨਾਲ ਭਰੇ ਪਏ ਸਨ ਜਿਸ ਤੇ ਦਿਲ ਦਾ ਦਰਦ ਉਲਾਹਮੇਂ ਦੀ ਸ਼ਕਲ ਵਿੱਚ ਆਪਣੇ ਨਿਰੰਕਾਰ ਅਗੇ ਇਸ ਸ਼ਬਦ ਨੂੰ ਗਾ ਕੇ ਦਸਿਆ–

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।
ਆਪੈ ਦੋਸ ਨ ਦੇਈ ਕਰਤਾ ਜਮ ਕਰ ਮੁਗਲ ਚੜ੍ਹਾਇਆ।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ।

ਗੁਰੂ ਜੀ ਦੇ ਇਸ ਅਲਾਹੀ ਨਾਦ ਨੇ ਇਨ੍ਹਾਂ ਕੈਦੀਆਂ ਦੇ ਪ੍ਰਬੰਧਕਾਂ ਦੀਆਂ ਸੁਰਤਾਂ ਆਪਣੇ ਵੱਲ ਖਿਚ ਲਈਆਂ। ਇਨ੍ਹਾਂ ਨੂੰ ਆਪਣੇ ਅੰਦਰੋਂ ਹੀ ਕੁਝ ਐਸਾ ਮਸਿਸੂਸ ਹੋਇਆ ਕਿ ਇਹ ਲੋਕ ਬੇਗੁਨਾਹ ਅਤੇ ਖੁਦਾ ਰਸੀਦਾ ਹਨ। ਜਦ ਗੁਰੂ ਜੀ ਨੂੰ ਬਾਬਰ ਦੇ ਪੇਸ਼ ਕੀਤਾ ਗਿਆ ਤਾਂ ਇਨ੍ਹਾਂ ਨੂੰ ਦੇਖਦੇ ਹੀ ਉਹਦੇ ਮਨ ਉਤੇ ਇਕ ਖਾਸ ਤਰ੍ਹਾਂ ਦਾ ਪ੍ਰਭਾਉ ਪਿਆ। ਉਸੇ ਵੇਲੇ ਬਾਬਰ ਨੇ ਗੁਰੂ ਜੀ ਦੀ ਬੰਦ-ਖਲਾਸ ਕਰਾ ਕੇ ਕੁਝ ਮਾਰਫਤ ਦੇ ਬਚਨ ਬਿਲਾਸ ਹੋਰ ਵੀ ਕੀਤੇ, ਸੁਣੇ। ਉਹ ਬਹੁਤ ਪ੍ਰਭਾਵਤ ਹੋਇਆ ਤੇ ਗੁਰੂ ਜੀ ਦੇ ਆਖੇ ਲਗ ਕੇ ਸਾਰੇ ਕੈਦੀਆਂ ਨੂੰ ਛਡਕੇ ਮਾਲ ਮਤਾ ਵੀ ਮੋੜ ਦਿਤਾ ਤੇ ਲਾਹੌਰ ਵੱਲ ਨੂੰ ਵਧਿਆ।

## ਗੁਰੂ ਜੀ ਦੇ ਮਾਤਾ ਪਿਤਾ ਦੀ ਬੀਹਬਲਤਾ

ਇਧਰ ਤਲਵੰਡੀ ਵਿੱਚ ਪਿਤਾ ਕਾਲੂ ਜੀ ਤੇ ਮਾਤਾ ਤ੍ਰਿਪਤਾ ਦਾ ਸਿੱਕ ਬਹੁਤ ਵਧ ਚੁਕੀ ਸੀ। ਇਹ ਬੁਢੇ ਵੀ ਹੋ ਗਏ ਸਨ। 'ਰਾਏ ਬੁਲਾਰ' ਤਾਂ ਪਹਿਲਾਂ ਹੀ, ਪਰ ਹੁਣ ਇਨ੍ਹਾਂ ਦੀ ਸਪੁਤਰੀ ਨਾਨਕੀ ਜੀ ਤੇ ਜੈ ਰਾਮ ਜੀ ਚਲ ਵਸੇ ਸਨ। ਫੇਰ ਹੋਰ ਵੀ ਹਾਣ ਮੇਲ ਦੇ ਕਈ ਗੁਜ਼ਰ ਗਏ ਸਨ। ਸ੍ਰੀ ਕਾਲੂ ਜੀ ਜਾਣਦੇ ਸਨ, ਕਿ ਇਕ ਦਿਨ ਅਸੀਂ ਵੀ ਲਦ ਜਾਣਾ ਹੈ। ਪਰ ਪਤਾ ਨਹੀਂ ਕਿਹੜੇ ਵੇਲ ਸਦਾਂ ਪੈਣਗੀਆਂ। ਪਿਤਾ ਜੀ ਤੇ ਮਾਤਾ ਤ੍ਰਿਪਤਾ ਇਸੇ ਚਿੰਤਾ ਵਿੱਚ ਡੁਬੇ ਰਹਿੰਦੇ, ਕਿ ਪਤਾ ਨਹੀਂ ਅੰਤ ਸਮੇਂ ਵੀ ਪੁੱਤਰ ਸ੍ਰੀ ਨਾਨਕ ਦੇ ਦਰਸ਼ਨ ਹੋਣਗੇ ਕਿ ਨਹੀਂ।

ਇਕ ਰਾਤ ਨੂੰ ਆਪਣੀ ਧਰਮ ਪਤਨੀ ਤ੍ਰਿਪਤਾ ਜੀ ਪਾਸ ਬੈਠਿਆਂ ਵੈਰਾਗ ਚਿਤ ਹੋ ਕੇ ਸ੍ਰੀ ਕਾਲੂ ਬੇਦੀ ਜੀ ਆਖਣ ਲਗੇ–ਸੁਆਣੀਏ ! ਉਮਰ ਅਖੀਰ ਦੀ ਹੈ। ਸਾਨੂੰ ਸੰਭਾਲਣ ਵਾਲਾ ਪੁੱਤਰ ਨਾਨਕ ਪ੍ਰਦੇਸ ਗਿਆ ਹੈ। ਉਹਦਾ ਕੋਈ ਪਤਾ ਨਹੀਂ ਕਿਥੇ ਹੈ ? ਚਾਹੇ ਉਸ ਪਾਸੋਂ ਸਾਨੂੰ ਪੁੱਤਰਾਂ ਵਾਲਾ ਸੁਖ ਪਾਣਾ ਸਾਡੇ ਭਾਗਾਂ ਵਿੱਚ ਨਹੀਂ ਸੀ। ਜੇ ਹੁੰਦਾ ਤਾਂ ਸਾਡੀਆਂ ਅੱਖਾਂ ਸਾਹਵੇਂ ਰਹਿੰਦਾ। ਪਰ ਉਹਦਾ ਰੱਬ ਭਲਾ ਕਰੇ। ਪਿਉ ਦਾਦੇ ਨੂੰ ਕੋਈ ਉਲਾਹਮਾ ਨਹੀਂ ਦਿਵਾਇਆ ਸੂ ਸਗੋਂ ਜਿਥੇ ਕਿਥੇ ਮੇਰੇ ਨਾਮ ਨੂੰ ਰੋਸ਼ਨ ਕੀਤਾ ਹੈ। ਉਹਦੀ ਕਰਣੀ ਪਿਛੇ ਲੋਕੀ ਸਾਨੂੰ ਵੀ ਧੰਨ ਧੰਨ ਆਖਦੇ ਹਨ ! ਅਸੀਂ ਕੰਨੀ ਸੁਣਦੇ ਰਹੇ ਪਰ ਪਤੀਜੇ ਨਹੀਂ, ਇਹ ਸਾਡੀ ਭੁਲ ਸੀ। ਸ੍ਰੀ ਨਾਨਕ ਨੇ ਜਿਥੇ ਕਿਥੇ ਲੋਕਾਂ ਨੂੰ ਰੱਬ ਦੇ ਸਚੇ ਪਾਸੇ ਹੀ ਲਾਇਆ ਹੈ ਉਹ ਤਿਆਗੀ ਜੋ ਬਣਿਆ। ਉਹਨੂੰ ਇਹੋ ਭਾਵਨਾ ਸੀ। ਪਰ ਸਬਾਸ਼ ਹੈ, ਪੂਰਾ ਉਤਰਿਆ ਹੈ। ਫਕੀਰੀ ਨੂੰ ਲਜ ਉਸ ਨਹੀਂ ਲਵਾਈ। ਹਾਸੀ ਉਸ ਨਹੀਂ ਕਰਾਈ। ਏਨਾ ਬੜਾ ਹੈ

ਕਿ ਚੌਹਾਂ ਤਰਫਾਂ ਥੀਂ ਉਸਦੀ ਖੁਸ਼ਬੂ ਹੀ ਖੁਸ਼ਬੂ ਦੀਆਂ ਲਪਟਾਂ ਆਉਂਦੀਆਂ ਹਨ। ਜੇ ਕੋਲ ਰਹਿੰਦਾ ? ਘਰ ਦਾ ਕੰਮ ਕਾਜ ਕਰਦਾ ਤਾਂ ਮੇਰਾ ਜਿਹਾ ਯਾ ਮੇਰੇ ਥੀਂ ਵਧੀਕ ਕਮਾਈ ਕਰ ਕੇ ਇਕ ਦੋ ਕੋਠੇ ਹੋਰ ਪਾ ਲੈਂਦਾ ਯਾ ਲਖ ਰੁਪਿਆ ਹੀ ਕਠਾ ਕਰ ਦਿਖਾਂਦਾ ਤਾਂ ਕੀ ਹੋ ਜਾਂਦਾ ? ਅਗੇ ਇਸ ਧਰਤੀ ਉਤੇ ਲਖਾਂ ਵਾਲੇ ਥੋੜੇ ਪਏ ਹਨ ? ਉਹ ਤਾਂ ਰੋਂਦੇ ਹੀ ਦੇਖੇ। ਇਕ ਦਾ ਹੋਰ ਵਾਧਾ ਹੋ ਜਾਂਦਾ।

ਪਿਤਾ ਕਾਲੂ ਜੀ ਨੇ ਕਿਹਾ–ਨਾਨਕ ਦੀ ਮਾਤਾ। ਮੈਨੂੰ ਹੁਣ ਸੋਝੀ ਆਈ ਹੈ। ਜਿਹੜੀ ਨਾਨਕ ਨੂੰ ਸੁਰਤ ਸੰਭਾਲਦੇ ਹੀ ਸੁਝ ਗਈ ਸੀ। ਤਦ ਹੀ ਉਹਦਾ ਜੀ ਨਿਕੇ ਹੁੰਦੇ ਉਪਰਾਮ ਰਿਹਾ। ਉਹ ਤਾਂ ਈਸ਼ਵਰੀ ਬੁਧ ਦਾ ਭੰਡਾਰ ਹੈ। ਉਹ ਗਿਆਨ ਦਾ ਸੋਮਾ ਹੈ। ਉਹ ਤਾਂ ਅੰਮ੍ਰਿਤ ਦਾ ਫੁਹਾਰਾ ਹੈ ! ਉਹ ਆਪਣੀ ਅੰਮ੍ਰਿਤ ਬਾਣੀ ਨਾਲ ਦੂਜਿਆਂ ਦੀ ਮਾਨਸਿਕ ਬਾਗਾਂ ਨੂੰ ਹਰਿਆਂ ਕਰ ਰਿਹਾ ਹੈ। ਪਰ ਅਸੀਂ ਤਾਂ ਆਪਣੀ ਖੇਤੀ ਨੂੰ ਉਹਦੇ ਉਤ ਮਿਥਿਆ ਕਲਪਣਾ ਕਰ ਕਰ ਕੇ ਸੁਕਾ ਹੀ ਦਿਤਾ ਹੈ। ਸੋਝੀ ਹੁਣ ਆਈ ਹੈ। ਪਰ ਹੁਣ ਕੀ ਬਣੇ ? ਉਹਨੂੰ ਕਿਥੇ ਭਾਲੀਏ ? ਤੇ ਕੀ ਕਰੀਏ ? ਨਜ਼ਰ ਕਮਜ਼ੋਰ ਹੈ। ਜੰਘਾਂ ਵਿੱਚ ਤਾਣ ਨਹੀਂ। ਪਤਾ ਹੋਵੇ ਤਾਂ ਕਿਸੇ ਨੂੰ ਟਰੀਏ ? ਕਿ ਸਾਡੀਆਂ ਪੀੜਾਂ ਦਸ ਕੇ ਉਸ ਨੂੰ ਮੋੜ ਲਿਆਏ। ਹੁਣ ਇਹੋ ਚਾਹ ਹੈ ਕਿ ਸਾਡਾ ਅੰਤ ਸਮਾਂ ਉਹਦੀਆਂ ਅੱਖਾਂ ਸਾਹਮਣੇ ਹੋਵੇ, ਤੇ ਉਹ ਸਾਨੂੰ ਮੋਢਿਆਂ ਉਤੇ ਲਿਜਾਏ।

ਇਉਂ ਗੱਲਾਂ ਕਰਦੇ ਸੁਣਦੇ ਇਨ੍ਹਾਂ ਦੋਹਾਂ ਦੇ ਨੇਤਰ ਵਹਿ ਤੁਰੇ। ਇਹ ਸਚੇ ਸਨ, ਇਨ੍ਹਾਂ ਦਾ ਹਿਰਦਾ ਵਿਰਾਗ ਨਾਲ ਭਰਿਆ ਸੀ। ਰੋਏ ਤੇ ਕੰਠ ਰੁਕ ਗਏ। ਇਹ ਦੁਨੀਆਂਦਾਰ ਸਨ, ਇਨ੍ਹਾਂ ਨੂੰ ਵੀ ਸ੍ਰੀ ਨਾਨਕ ਜੀ ਦੇ ਮਾਤਾ ਪਿਤਾ ਹੋਣ ਦਾ ਮਾਣ ਸੀ, ਇਹ ਸਪੁੱਤਰ ਸਨ। ਇਨ੍ਹਾਂ ਅੰਦਰ ਵੀ ਉਹਾ ਕਲੇਜਾ ਸੀ ਜੋ ਕਿਸੇ ਵੀ ਜਨਮਦਾਤੇ ਮਾਤਾ ਪਿਤਾ ਦੀ ਛਾਤੀ ਵਿੱਚ ਹੁੰਦਾ ਹੈ ਅਤੇ ਉਹਾ ਮੱਲ ਇਨ੍ਹਾਂ ਦੇ ਕਲੇਜੇ ਵਿੱਚ ਵੀ ਮੌਜੂਦ ਸੀ ਜੋ ਕਿਸੇ ਵੀ ਮਾਤਾ ਪਿਤਾ ਨੂੰ ਜਿਸ ਦਾ ਇਕਲੋਤਾ ਪੁੱਤਰ ਕਈ ਸਾਲਾਂ ਤੋਂ ਵਿਛੜ ਕੇ ਅਖਾਂ ਤੋਂ ਉਹਲੇ ਹੋਵੇ ਤਾਂ ਹੁੰਦਾ ਹੈ। ਪਰ ਧੰਨ ਹਨ, ਪਿਤਾ ਕਾਲੂ ਅਤੇ ਮਾਤ ਤ੍ਰਿਪਤਾ ਜੀ–ਜਿਨ੍ਹਾਂ ਨੇ ਵੱਡਾ ਜਿਗਰਾ ਕੀਤੀ ਰਖਿਆ–ਜਾਂ ਸ੍ਰੀ ਨਾਨਕ ਜੀ ਨੇ ਜ਼ੋਰੇ ਜ਼ੋਰੀ ਇਨ੍ਹਾਂ ਪਾਸੋਂ ਇਹ ਦੁਖ ਸਹਾਇਆ। ਕਈ ਸਾਲ ਬੀਤ ਚੁਕੇ ਸਨ। ਇਸ ਲਈ ਮਾਤਾ ਪਿਤਾ ਜੀ ਪਾਸੋਂ ਹੋਰ ਵਿਛੋੜਾ ਸਹਿਣਾ ਅਸੰਭਵ ਹੋ ਚੁਕਾ ਸੀ, ਤੇ ਇਸ ਤਰ੍ਹਾਂ ਨਾਲ ਸਿਸਕੀਆ ਭਰਦੇ ਇਹ ਸੌਂ ਗਏ।

## ਸਤਿਗੁਰੂ ਨਾਨਕ ਜੀ ਤਲਵੰਡੀ ਆਏ

ਸਤਿਗੁਰੂ ਅੰਤਰਜਾਮੀ ਸਨ, ਆਪਣੇ ਮਾਤਾ ਪਿਤਾ ਦੀ ਬਹਿਬਲਤਾ ਨੂੰ ਜਾਣਦੇ ਸਨ, ਅਤੇ ਇਹ ਵੀ ਸਮਝਦੇ ਸਨ,ਕਿ ਜਾਣਦੇ ਹੁੰਦਿਆਂ ਆਪਣੇ ਮਾਤਾ ਪਿਤਾ ਦੇ ਅੰਤ ਸਮੇਂ ਪੁੱਤਰਾਂ ਦੇ ਕੀ ਫਰਜ਼ ਹੁੰਦੇ ਹਨ। ਫੇਰ ਇਨ੍ਹਾਂ ਨੇ ਤਾਂ ਉਨ੍ਹਾਂ ਨੂੰ ਨਿਰੰਕਾਰ ਦੀ ਜੋਤ ਨਾਲ ਜੋੜਨ ਦਾ ਵਸੀਲਾ ਹੋਣਾ ਸੀ ਹੁਣ ਸਮਾਂ ਆਇਆ ਜਾਣਿਆ, ਤਾਂ ਗੁਰੂ ਨਾਨਕ ਦੇਵ ਤਲਵੰਡੀ ਦੇ ਨੇੜੇ ਆਣ ਅਪੜੇ। ਪਿੰਡ ਥੀਂ ਬਾਹਰ ਦੋ ਕੋਹਾਂ ਦੀ ਵਿੱਥ ਉਤੇ ਇਕ ਬਿਰਛ ਦੀ ਛਾਵੇਂ ਡੇਰਾ ਕੀਤਾ, ਅਸ਼ਨਾਨ ਪਾਣੀ ਮਗਰੋਂ ਬਿਰਾਜ ਗਏ। ਫੇਰ ਸੰਧਿਆ ਸਮੇਂ ਰੱਬ ਦੇ ਗੁਣ ਗਾਏ। ਮਰਦਾਨਾ ਜੀ ਨੂੰ ਘਰ ਨੇੜੇ ਦਿਸ ਰਿਹਾ ਸੀ ! ਇਸ ਨੇ ਅਰਜ਼ ਕੀਤੀ ਜੇ ਆਪ ਜੀ ਰਾਤ ਇਥੇ ਹੀ ਬਿਤਾਣੀ ਹੈ ? ਤਾਂ ਮੈਨੂੰ ਆਗਿਆ ਹੋਵੇ, ਜੋ ਘਰ ਨੂੰ ਜਾਂਵਾ, ਗੁਰੂ ਜੀ ਨੇ ਖੁਸ਼ੀ ਕੀਤੀ–ਪਰ ਆਖਿਆ–ਕਿ ਕਿਸੇ ਨੂੰ ਪਤਾ ਨਾ ਦੇਣਾ ਜੋ ਬਾਹਰ ਆਏ ਬੈਠੇ ਹਨ।

ਮਰਦਾਨਾ ਜੀ ਚੋਖੀ ਰਾਤ ਬੀਤੀ ਨੂੰ ਘਰ ਅਪੜੇ। ਇਨ੍ਹਾਂ ਨੂੰ ਵੇਖ ਕੇ ਇਨ੍ਹਾਂ ਦੇ ਪ੍ਰਵਾਰ ਲਈ ਮਾਨੋ ਚੰਨ ਚੜ੍ਹ ਗਿਆ ਸੀ। ਸਾਰਿਆਂ ਨੇ ਆਦਰ ਪਿਆਰ ਨਾਲ ਸਤਿਕਾਰਿਆ, ਤੇ ਖਾਣ ਪੀਣ ਮਗਰੋਂ ਅੱਧੀ ਰਾਤ ਥੀਂ ਵਧੀਕ ਗੱਲਾਂ ਬਾਤਾਂ ਕਰਦੇ ਰਹੇ। ਫੇਰ ਸੁਤੇ ਤੇ ਦੇਰ ਨਾਲ ਸੌਣ ਕਾਰਣ ਦੇਰ ਨਾਲ ਹੀ ਜਾਗੇ ਸਨ। ਮਰਦਾਨਾ ਜੀ ਨੇ ਅਚਾਨਕ ਹੀ ਗੁਰੂ ਜੀ ਦੇ ਮਾਤਾ ਪਿਤਾ ਨੂੰ ਜਾ ਕੇ ਨਿਮਸਕਾਰ ਕੀਤੀ। ਉਹ ਖੁਸ਼ ਵੀ ਹੋਏ ਤੇ ਹੈਰਾਨ ਵੀ ਹੋਏ। ਅਸੀਸ ਦਿਤੀ ਤੇ ਪੁਛਿਆ–ਸਾਡਾ ਨਾਨਕ ਕਿਥੇ ਹੈਈ? ਮਰਦਾਨੇ ਜੀ ਆਖਿਆ–ਰਾਜ਼ੀ ਖੁਸ਼ੀ ਹਨ। ਫਿਕਰ ਨਾ ਕਰੋ ਤੇ ਆਏ ਹੀ ਜਾਣੋ। ਪਰ ਇਨ੍ਹਾਂ ਦੇ ਬਾਰ ਬਾਰ ਪੁਛਣ ਤੇ ਵੀ ਦਸਦਾ ਨਹੀਂ ਸੀ ਕਿ ਕਿਥੇ ਹਨ।

ਗਵਾਂਢੀ ਲੋਕਾਂ ਦੀ ਭੀੜ ਪੈ ਗਈ ਸੀ। ਇਹ ਬਾਰ ਬਾਰ ਸ੍ਰੀ ਨਾਨਕ ਜੀ ਲਈ ਪੁਛਦੇ। ਉਹ ਇਤਨਾ ਹੀ ਕਹਿੰਦਾ ਕਿ ਰਾਜ਼ੀ ਹਨ ਆਏ ਹੀ ਜਾਣੋ, ਹੁਣ ਮਾਤਾ ਪਿਤਾ ਲਈ ਇਹ ਬੁਝਾਰਤਾਂ ਸਮਝਣੀਆਂ ਔਖੀਆਂ ਸਨ ਇਨ੍ਹਾਂ ਦੇ ਦਿਲ "ਧੀ ਨਾਨਕੀ" ਦੇ ਦੁਖੋਂ ਅਗੇ ਹੀ ਅਲੇ ਪਿਲੇ ਸਨ। ਇਹ ਪੁੱਤਰ ਦੇ ਮਿਲਣ ਨੂੰ ਕਾਹਲੇ ਸਨ। ਪਰ ਮਰਦਾਨੇ ਦੀਆਂ ਵਾਰ ਵਾਰ ਦੀਆਂ ਅੜੰਗੀਆਂ ਨੇ ਫਿੱਹ ਦਿਤੇ। ਇਹ ਫੁਟ ੨ ਕੇ ਰੋਣ ਲਗੇ। ਕਾਲੂ ਜੀ ਨੇ ਕਿਹਾ ਡੂਮਾ! ਸਾਨੂੰ ਸੱਚ ਸੱਚ ਦਸ, ਤੇ ਖੋਹਲ ਕੇ ਦਸ? ਤੇਰੀਆਂ ਇਧਰ ਉਧਰ ਦੀਆਂ ਗੱਲਾਂ ਨੇ ਸਾਡਾ ਕਲੇਜਾ ਵਿੰਨ੍ਹ ਦਿਤਾ ਹੈ। ਤੈਨੂੰ "ਨਾਨਕ" ਦਾ ਭੇਤ ਲੈਣ ਨੂੰ ਤੋਰਿਆ ਸੀ। ਤੂੰ ਆਪ ਵੀ ਉਧਰ ਹੀ ਰਿਹਾ। ਅਜ ਕਈ ਸਾਲ ਪਿਛੋਂ ਮੂੰਹ ਦਸਿਆ ਹੈਈ, ਪਰ ਨਾਨਕ ਤੇਰੇ ਨਾਲ ਨਹੀਂ। ਦਸ ਕਿਥੇ ਛੱਡ ਆਇਆ ਏਂ?

ਮਰਦਾਨੇ ਜੀ ਨੂੰ ਗੁਰੂ ਜੀ ਦੀ ਆਗਿਆ ਭੰਗ ਹੋਣ ਦਾ ਡਰ ਸੀ। ਇਧਰ ਮਾਤਾ-ਪਿਤਾ ਦੀ ਬਹਿਬਲਤਾ ਨੇ ਇਹਨੂੰ ਪਸੀਨਾ ੨ ਕਰ ਦਿਤਾ ਸੀ। ਕਰੇ ਤਾਂ ਕੀ ਕਰੇ? ਪਰ ਇਹਨੂੰ ਇਕ ਤਦਬੀਰ ਸੁਝੀ। ਇਸ ਨੇ ਮੂੰਹ ਥੀਂ ਕੁਝ ਨਾ ਕਿਹਾ। ਚਦਰ ਵਲੇਟ ਕੇ ਮੋਣੇ ਤੇ ਸੁਟੀ ਤੇ ਟੁਰ ਪਿਆ। ਸਾਰੇ ਸਮਝ ਗਏ, ਤੇ ਉਥੇ ਖੂਹ ਉਤੇ ਹੀ ਜਾ ਅਪੜੇ। ਜਵਾਨਾਂ ਨੇ ਦੂਰ ਥੀਂ ਵੇਖ ਲਿਆ ਤੇ ਦੌੜ ਕੇ ਗੁਰੂ ਜੀ ਨੂੰ ਮਥੇ ਟੇਕੇ। ਗੁਰੂ ਜੀ ਨੇ ਆਪਣੇ ਮਾਤਾ ਪਿਤਾ ਜੀ ਨੂੰ ਆਉਂਦੇ ਡਿਠਾ ਤਾਂ ਅਗੇ ਜਾ ਕੇ ਸਤਿਕਾਰ ਵਜੋਂ ਚਰਨੀ ਲਗੇ। ਉਹਨਾਂ ਨੇ ਛਾਤੀ ਨਾਲ ਲਾਏ। ਗਚ ਭਰੇ ਹੋਏ ਸਨ ਭੁਬਾਂ ਨਿਕਲ ਗਈਆਂ ਤੇ ਰੋ ਰੋ ਕੇ ਦਿਲ ਦੀ ਭੜਾਸ ਕਢੀ।

ਇਨ੍ਹਾਂ ਦੋਹਾਂ ਦੀ ਅੱਖਾਂ ਦਾ ਨੀਰ ਬੰਦ ਹੋਣ ਤੇ ਨਹੀਂ ਆਉਂਦਾ ਸੀ। ਇਹ ਹਿਚਕੀਆਂ ਭਰਦੇ ਤੇ ਦਿਲ ਦੀ ਧੁਖਣ ਨੂੰ ਮਾਨੋਂ ਅਖਾਂ ਦੇ ਨੀਰ ਰਾਹੀਂ ਬਾਹਰ ਸੁਟ ਰਹੇ ਸਨ, ਨਾਲ ਆਇਆਂ ਉਤੇ ਵੀ ਬਹੁਤ ਅਸਰ ਪਿਆ। ਭਾਈ ਬਾਲਾ ਜੀ ਨੇ ਵੀ ਇਨ੍ਹਾਂ ਨੂੰ ਮਥਾ ਟੇਕਿਆ ਤੇ ਸ੍ਰੀ ਨਾਨਕੀ ਬਾਬਤ ਝੋਰਾ ਕੀਤਾ, ਫੇਰ ਤਾਂ ਮਾਤਾ ਪਿਤਾ ਦੋਹਾਂ ਦੀਆਂ ਭੁਬਾਂ ਨਿਕਲ ਗਈਆਂ ਅਤੇ ਫੁਟ ਫੁਟ ਕੇ ਰੋਏ ਅਤੇ ਹੋਰ ਨਾਲ ਦਿਆਂ ਨੂੰ ਵੀ ਰੁਆ ਦਿਤਾ। ਗੁਰੂ ਜੀ ਨੇ ਸਾਰਿਆਂ ਨੂੰ ਚੁਪ ਕਰਾਇਆ ਤੇ ਉਨ੍ਹਾਂ ਨਾਲ ਆਪਣੇ ਘਰ ਨੂੰ ਆਏ।

ਇਹ ਸੰਮਤ ਬਿਕਰਮੀ ੧੫੭੯ ਦਾ ਸੀ ਜਦ ਕਿ ਗੁਰੂ ਜੀ ੭ ਸਾਲਾਂ ਪਿਛੋਂ ਤੀਜੀ ਉਦਾਸੀ ਮੁਕਾ ਕੇ ਤਲਵੰਡੀ ਆਏ ਸਨ।

ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

"ਜਿਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥" "ਅਰਾਧ ਏਕੰਕਾਰ ਸਾਚਾ ਨਿਤ ਦੇਇ ਚੜ੍ਹੈ ਸਵਾਇਆ।"

ਸਤਿਨਾਮ ਸ੍ਰੀ ਵਾਹਿਗੁਰੂ

ਧੰਨ ਗੁਰੂ ਨਾਨਕ

ੴ

# ਮਾਹਵਾਰੀ ਧਾਰਮਿਕ ਦੀਵਾਨ

ਧੰਨ ਗੁਰੂ ਨਾਨਕ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਜੀ ਦੇ ਦਮਦਮੇ ਅਸਥਾਨਾਂ ਤੇ ਬੜੇ ਭਾਰੀ ਦੀਵਾਨ ਸਜਾਏ ਜਾਂਦੇ ਹਨ ਤੇ ਬੇਅੰਤ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਹਾਜ਼ਰੀ ਭਰ ਕੇ ਲਾਭ ਉਠਾਉਂਦੀਆਂ ਹਨ। ਸੋ, ਸੰਗਤਾਂ ਨੂੰ ਸੂਚਨਾ ਲਈ ਇਹ ਪਤਰ ਘਲਿਆ ਜਾਂਦਾ ਹੈ ਜੋ ਇਹ ਦੀਵਾਨ ਹੇਠ ਲਿਖੀਆਂ ਤਾਰੀਖਾਂ ਤੇ 1977 ਸਾਲ ਵਿਚ ਹੋਣਗੇ :—

ਹਰ ਅਮਾਵਸ ਵਾਲੇ ਦਿਨ ਪਿੰਡ ਦਖਨੀ ਕੀ ਸਰਾਏ (ਜ਼ਿਲਾ ਜਲੰਧਰ) ਵਿਖੇ

| | | |
|---|---|---|
| ਬੁਧਵਾਰ 19 ਜਨਵਰੀ 1977 | ਮੰਗਲਵਾਰ 17 ਮਈ 1977 | ਮੰਗਲਵਾਰ 13 ਸਤੰਬਰ 1977 |
| ਸ਼ੁਕਰਵਾਰ 18 ਫਰਵਰੀ 1977 | ਵੀਰਵਾਰ 16 ਜੂਨ 1977 | ਬੁਧਵਾਰ 12 ਅਕਤੂਬਰ 1977 |
| ਸ਼ਨੀਚਰਵਾਰ 19 ਮਾਰਚ 1977 | ਸ਼ਨੀਵਾਰ 16 ਜੁਲਾਈ 1977 | ਸ਼ੁਕਰਵਾਰ 11 ਨਵੰਬਰ 1977 |
| ਸੋਮਵਾਰ 18 ਅਪਰੈਲ 1977 | ਐਤਵਾਰ 14 ਅਗਸਤ 1977 | ਸ਼ਨੀਚਰਵਾਰ 10 ਦਸੰਬਰ 1977 |

ਹਰ ਦਸਵੀਂ ਵਾਲੇ ਦਿਨ ਪਿੰਡ ਮਨਸੂਰਾਂ (ਜ਼ਿਲਾ ਲੁਧਿਆਣਾ) ਵਿਖੇ

| | | |
|---|---|---|
| ਸ਼ਨੀਚਰਵਾਰ 29 ਜਨਵਰੀ, 1977 | ਸ਼ਨੀਚਰਵਾਰ 28 ਮਈ 1977 | ਵੀਰਵਾਰ 22 ਸਤੰਬਰ 1977 |
| ਸੋਮਵਾਰ 28 ਫਰਵਰੀ 1977 | ਐਤਵਾਰ 26 ਜੂਨ 1977 | ਸ਼ੁਕਰਵਾਰ 21 ਅਕਤੂਬਰ 1977 |
| ਬੁਧਵਾਰ 30 ਮਾਰਚ 1977 | ਮੰਗਲਵਾਰ 26 ਜੁਲਾਈ 1977 | ਐਤਵਾਰ 20 ਨਵੰਬਰ 1977 |
| ਸ਼ੁਕਰਵਾਰ 29 ਅਪ੍ਰੈਲ, 1977 | ਬੁਧਵਾਰ 24 ਅਗਸਤ 1977 | ਮੰਗਲਵਾਰ 20 ਦਸੰਬਰ 1977 |

ਇਹਨਾਂ ਦਿਹਾੜਿਆਂ ਤੇ ਅਖੰਡਪਾਠਾਂ ਦੇ ਭੋਗ ਹਰ ਦਸਵੀਂ ਨੂੰ 11 ਵਜੇ ਪੈਂਦੇ ਹਨ ਤੇ 2 ਵਜੇ ਤਕ ਦੀਵਾਨ ਸਜਦੇ ਹਨ। ਗੁਰੂ ਕਾ ਲੰਗਰ ਅਤੁਟ ਵਰਤਦਾ ਹੈ।

ਮਨਸੂਰਾਂ ਪਿੰਡ, ਲੁਧਿਆਣਾ-ਪਖੋਵਾਲ ਵਾਲੀ ਪੱਕੀ ਸੜਕ ਉਤੇ ਹੈ।
ਦਖਨੀ ਕੀ ਸਰਾਂ, ਬ਼ੇਈਂ ਦੇ ਕੰਢੇ ਨਕੋਦਰ–ਕਪੂਰਥਲੇ ਵਾਲੀ ਸੜਕ ਉਤੇ ਹੈ।
ਵਲੋਂ ਸਾਧ ਸੰਗਤ ਦਾ ਸੇਵਾਦਾਰ—ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗੱਦੀ-ਨਸ਼ੀਨ

# Gur-Bansawali

- Siri Guru Nanak Dev ji Maharaj (Founder of Sikh Panth)
  - Baba Siri Chand ji Udasi
  - Baba Lakhmi Chand ji
    - Baba Dharam Chand ji
      - Baba Manak Chand ji
        - Baba Datar Chand ji
          - B. Gurdit Chand ji
          - B. Pahar Chand ji
            - B. Harkaran Chand ji
              - B. Nihal Chand ji
                - Baba Kaladhari ji
                  - B. Koir Singh ji
                  - B. Dharam Singh ji
                  - B. Ajit Singh ji
                    - **Sri Hazur Baba Sahib Singh ji Bedi**
                      - Sri Baba Bishan Singh ji
                        - Sri Baba Attar Singh ji
                          - Sri Baba Khem Singh ji
                      - Sri Baba Teg Singh ji
                      - Sri Hazur Baba Bikrma Singh ji
                        - Sri Hazur Baba Sujan Singh ji
                          - Sri Hazur Baba Ram Kishan Singh ji
                            - Sri Hazur Baba Devinder Singh ji
                              - Sri Hazur Baba Madhusudan Singh ji (Present Gaddi Nasheen)
                                - Tikka Sarabjot Singh ji
                  - B. Sagar Chand ji
                  - B. Avtar Chand ji
                - Baba Lajjadhari ji
              - B. Harjas ji
              - B. Deep Chand jl
              - B. Sukhdev Ji
          - B. Tara Chand ji
            - B. Mansa Chand ji
          - B. Fateh Chand ji
            - B. Asa Chand ji
          - B. Udhai Chand ji
            - B. Suraj Singh ji
        - Baba Jagat Chand ji
        - Baba Hans Raj ji
        - Baba Anait Chand ji
      - Baba Mehar Chand ji

# ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ-ਨਸ਼ੀਨ ਊਨਾ ਸਾਹਿਬ



ਆਪ ਪ੍ਰਦੇਸ ਬੈਠੇ ਗੁਰੂ ਪ੍ਰੇਮੀਆਂ ਦੇ ਉਤਸ਼ਾਹ ਅਤੇ ਤੀਬਰ-ਖਿਚ ਸਦਕਾ 4 ਮਹੀਨਿਆਂ ਲਈ ਇੰਗਲੈਂਡ, ਅਫ਼ਰੀਕਾ ਦੇ ਦੇਸ਼ਾਂ, ਅਮਰੀਕਾ, ਕੈਨੇਡਾ, ਦਬਈ ਆਦਿ ਵਿਚ ਧਰਮ ਪ੍ਰਚਾਰ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਦੇਸ਼ਾਂ ਤੇ ਉਪਦੇਸ਼ਾਂ ਦਾ ਮੁਕਤੀ ਦਾਇਕ ਛੱਟਾ ਦੇਣ ਲਈ ਪਧਾਰੇ ਹਨ।